ਦਸਵਾਂ ਸਾਲ

PARDES TIMES

10th year in Publication

ਪਰਦੇਸ ਟਾਇਮਜ਼

www.pardestimes.com

ਬਲਬੀਰ ਸਿੰਘ ਐਮ ਏ (ਮੁੱਖ ਸੰਪਾਦਕ)

ਮਾਂ ਬੋਲੀ ਨੂੰ ਸਪਰਪਿਤ ma boli pardes

ਰਣਜੀਤ ਕੰਦੋਲਾ ਐਮ. ਬੀ. ਏ. ਮੈਨੇਜਿੰਗ ਐਡੀਟਰ

VOL- 10 No. 243 April 27, 2016 E-mali : info@pardestimes.com Ph 510-938-7771 Ph510-516-3536 (Yuba City) 530-315-1020

ਸਿੱਖ ਗੁਰਦੁਆਰਾ ਸੋਧ ਬਿਲ ਲੋਕ ਸਭਾ ਵਿਚ ਵੀ ਪਾਸ

ਨਵੀਂ ਦਿੱਲੀ- ਭਾਰਤ ਦੀ ਲੋਕ ਸਭਾ ਨੇ ਸਿੱਖ ਗੁਰਦੁਆਰਾ (ਸੋਧ) ਬਿਲ ਨੂੰ ਸੋਮਵਾਰ ਨੂੰ ਪਾਸ ਕਰ ਦਿੱਤਾ ਹੈ। ਇਹ ਬਿਲ ਰਾਜ ਸਭਾ ਵਿਚ ਪਹਿਲਾਂ ਹੀ ਪਾਸ ਹੋ ਗਿਆ ਹੈ, ਹੁਣ ਇਸ ਤੇ ਰਾਸ਼ਟਰਪਤੀ ਦੇ ਦਸਤਖਤ ਹੋਣੇ ਬਾਕੀ ਰਹਿ ਗਏ ਹਨ। ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਸੋਮਵਾਰ ਨੂੰ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੰਗ ਕੀਤੀ ਸੀ ਕਿ ਸਹਿਜਧਾਰੀ ਸਿੱਖਾਂ ਨੂੰ ਸ਼੍ਰੋਮਣੀ

ਕਮੇਟੀ ਦੀ ਵੋਟ ਦੇਣ ਦਾ ਹੱਕ ਨਾ ਦਿੱਤਾ ਜਾਵੇ। ਇਸ ਬਿਲ ਵਿਚੋਂ 1944 ਵਿਚ ਸਥਾਪਤ ਕੀਤੀ ਸਹਿਜਧਾਰੀ ਸ਼ਬਦ ਦੀ ਵਿਵਸਥਾ ਨੂੰ ਖਤਮ ਕਰ ਦਿੱਤਾ, ਜਿਸ ਦੇ ਰਾਹੀਂ ਸਹਿਜਧਾਰੀ ਸਿੱਖਾਂ ਨੂੰ ਬੋਰਡਾਂ ਅਤੇ ਕਮੇਟੀਆਂ ਦੀ ਚੋਣ ਲਈ ਵੋਟ ਦੇਣ ਦਾ ਹੱਕ ਸੀ। ਇਹ ਬਿਲ ਪਿਛਲੇ ਬਜਟ ਸੈਸ਼ਨ ਦਰਮਿਆਨ ਰਾਜ ਸਭਾ ਵਿਚ ਪਾਸ ਹੋ ਚੁੱਕਾ ਹੈ। ਇਹ ਬਿਲ ਪਾਸ ਹੋਣ ਨਾਲ ਸਿੱਖ ਗੁਰਦੁਆਰਾ ਐਕਟ 1925 ਵਿਚ ਸੋਧ ਹੋ ਜਾਵੇਗੀ। ਐਕਟ ਵਿਚ ਸੋਧ ਲਈ 2003 ਵਿਚ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ।

ਇਸ ਬਿਲ ਵਿਚ ਸੋਧ ਦੀ ਕਾਂਗਰਸ ਐਮ. ਪੀ. ਰਵਨੀਤ ਸਿੰਘ ਬਿੱਟੂ ਨੇ ਵਿਰੋਧਤਾ ਕੀਤੀ। ਉਹਨਾਂ ਕਿਹਾ ਕਿ ਸਿੱਖ ਗੁਰਦੁਆਰਾ ਐਕਟ ਨੂੰ ਬਾਦਲ ਗੁਰਦੁਆਰਾ ਐਕਟ ਕਿਹਾ ਜਾਣਾ ਚਾਹੀਦਾ ਹੈ। ਤੁਸੀਂ ਇਕ ਸਾਜਿਸ਼ ਨਾਲ ਇਕ ਭਾਈਚਾਰੇ ਵਿਚ ਵੰਡੀਆਂ ਪਾ ਰਹੇ ਹੋ। ਤੁਸੀਂ 70 ਲੱਖ ਸਿੱਖਾਂ ਤੋਂ ਵੋਟ ਦਾ ਅਧਿਕਾਰ ਖੋਹ ਰਹੇ ਹੋ, ਜਿਹੜੇ 60 ਸਾਲਾਂ ਤੋਂ ਵੋਟ ਪਾ ਰਹੇ ਹੋ। ਇਸ ਨਾਲ ਸਿੱਖ ਭਾਈਚਾਰੇ ਵਿਚ ਵੰਡੀਆਂ ਪੈਣਗੀਆਂ।

ਕੈਪਟਨ ਅਮਰਿੰਦਰ ਸਿੰਘ 4 ਮਈ ਨੂੰ ਬੇ-ਏਰੀਆ ਵਿਚ ਪਹੁੰਚ ਰਹੇ ਹਨ

ਫਰੀਮਾਂਟ- ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਅੱਜਕਲ੍ਹ ਅਮਰੀਕਾ ਦੇ ਦੌਰੇ ਤੇ ਹਨ। ਉਹਨਾਂ ਨੇ ਸ਼ੁਰੂਆਤ ਸ਼ਿਕਾਗੋ ਸ਼ਹਿਰ ਦੇ ਮੈਰੀਅਟ ਹੋਟਲ ਵਿਖੇ ਹੋਏ ਪ੍ਰੋਗਰਾਮ ਤਾਂ ਕੀਤੀ। ਉਹਨਾਂ ਇਸ ਮੌਕੇ ਕਿਹਾ ਕਿ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਪੰਜਾਬ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਉਹਨਾਂ ਕਿਹਾ ਕਿ ਕੀ ਕਿਸਾਨ ਅਤੇ ਕੀ ਮੁਲਾਜ਼ਮ, ਗਰੀਬ ਅਤੇ ਅਮੀਰ, ਇਸ ਸਰਕਾਰ ਤੋਂ ਹਰ ਵਰਗ ਦੁਖੀ ਹੈ। ਪੰਜਾਬ ਵਿਚ ਇਸ ਸਰਕਾਰ ਦੇ ਸਮੇਂ ਦਰਮਿਆਨ 10 ਹਜ਼ਾਰ ਤੋਂ ਜ਼ਿਆਦਾ ਕਿਸਾਨ ਖੁਦਕੁਸ਼ੀਆਂ ਕਰ ਗਏ ਹਨ। ਪੰਜਾਬ ਦੇ 80 ਫੀ ਸਦੀ ਤੋਂ ਜ਼ਿਆਦਾ ਨੌਜਵਾਨ ਨਸ਼ਿਆਂ ਵਿਚ ਗਰਤਾਨ ਹੋ ਗਏ ਹਨ। ਸ਼ਰਾਬ ਵਿਚ ਪੰਜਾਬ ਭਾਰਤ ਦਾ ਪਹਿਲਾ ਸਭ ਤੋਂ ਜ਼ਿਆਦਾ ਖਪਤ ਵਾਲਾ ਸੂਬਾ ਬਣ ਗਿਆ ਹੈ। ਬੇਰੁਜ਼ਗਾਰਾਂ ਦੇ ਲਈ ਕੁਝ ਨਹੀਂ ਕੀਤਾ ਜਾ ਰਿਹਾ, ਜਿਸ ਕਾਰਨ ਪੰਜਾਬ ਦੀ ਨੌਜਵਾਨੀ ਨਿਰਾਸ਼ ਹੈ। ਇਸ ਮੌਕੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਆਮ ਆਦਮੀ ਪਾਰਟੀ 'ਤੇ ਵੀ ਜੋਰਦਾਰ ਹਮਲੇ ਕੀਤੇ। ਅੰਤ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਮਿਸ਼ਨ

2017 ਦੇ ਟੀਚ ਨੂੰ ਹਾਸਲ ਕਰਨ ਲਈ ਪ੍ਰਵਾਸੀਆਂ ਪੰਜਾਬੀਆਂ ਦੇ ਸਹਿਯੋਗ ਦੀ ਬਹੁਤ ਲੋੜ ਹੈ ਅਤੇ ਤੁਹਾਡੇ ਸਹਿਯੋਗ ਨਾਲ ਹੀ ਅਸੀਂ ਪੰਜਾਬ ਨੂੰ ਮੁੜ ਖੁਸ਼ਹਾਲ ਬਣਾਵਾਂਗੇ। ਇਸ ਮੌਕੇ ਕਾਂਗਰਸੀ ਆਗੂ ਕੇਵਲ ਸਿੰਘ ਢਿੱਲੋਂ ਕਿਹਾ ਕਿ ਪੰਜਾਬ ਨੂੰ ਮੁੜ ਖੁਸ਼ਹਾਲ ਬਣਾਉਣ ਲਈ ਪ੍ਰਵਾਸੀ ਪੰਜਾਬੀਆਂ ਦੇ ਸਹਿਯੋਗ ਦੀ ਬਹੁਤ ਲੋੜ ਹੈ, ਉਨਾਂ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਦੋ ਗੱਲਾਂ ਬਹੁਤ ਜਰੂਰੀਆਂ ਹਨ, ਜੋ ਪੰਜਾਬ ਸੂਬੇ ਦੇ ਹਾਲਤਾਂ ਨੂੰ ਬਹਿਤਰ ਬਣਾਉਣ ਵਿਚ ਅਹਿਮ ਹੋਣਗੀਆਂ, ਇਕ ਤਾਂ ਚੰਗਾ ਰਾਜ ਭਾਗ ਅਤੇ ਦੂਜਾ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਸੂਬੇ ਨੂੰ ਮੁੜ ਵਿਕਾਸ ਦੀਆ ਲੀਹਾਂ 'ਤੇ ਲਿਆਉਣ ਵਿਚ ਸਹਾਈ ਹੋਵੇਗਾ। ਅਮਰੀਕਾ ਦੇ ਕਈ ਸ਼ਹਿਰਾਂ ਲਾਸ ਏਂਜਲਸ ਵਿਖੇ 30 ਅਪ੍ਰੈਲ ਨੂੰ, 3 ਮਈ ਨੂੰ ਫਰਿਜ਼ਨੋ, 4 ਮਈ ਨੂੰ ਮਿਲਪੀਟਸ, 5 ਮਈ ਨੂੰ ਨਿਊਯਾਰਕ ਵਿਚ ਉਹ ਇਸ ਦਰਮਿਆਨ ਪ੍ਰੋਗਰਾਮਾਂ ਅਤੇ ਸਭਾਵਾਂ ਨੂੰ ਸੰਬੋਧਨ ਕਰਨਗੇ। 4 ਮਈ ਨੂੰ ਉਹ ਮਿਲਪੀਟਸ ਵਿਖੇ ਇੰਡੀਅਨ ਕਮਿਊਨਿਟੀ ਸੈਂਟਰ ਵਿਖੇ ਲੋਕਾਂ ਨਾਲ ਮੁਲਾਕਾਤ ਕਰਨਗੇ। ਇਹ ਪ੍ਰੋਗਰਾਮ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਕੈਲੀਫੋਰਨੀਆ ਚੈਪਟਨ ਵੱਲੋਂ ਕਰਵਾਇਆ ਜਾ ਰਿਹਾ ਹੈ, ਜਿਸ ਦੀ ਅਗਵਾਈ ਸ੍ਰੀ ਜੀ. ਐਸ. ਪੰਨੂ ਕਰ ਰਹੇ ਹਨ।

Call us to check on your and your Families cheap or free health insurance

Punjab Insurance Brokers Inc.
www.punjabinsurance.com
CA Lic# 0I27763

DBA Punjab Financial & Insurance Services

Money Back Life Insurance
Money Back Critical Illness Insurance
Money Back Disability Insurance

Dental insurance "As low as $17.60"

visitors insurance

COVERED CALIFORNIA

Inderjeet S Mann Call: 1-888-978-6522

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com

ਇਮੀਗ੍ਰੇਸ਼ਨ ਡਿਪੋਰਟੇਸ਼ਨ ਅਸਾਈਲਮ ਸਿਟੀਜਨਸ਼ਿਪ ਗਰੀਨ ਕਾਰਡ ਫੈਮਲੀ ਪਟੀਸ਼ਨ ਵਿਆਹ ਦੇ

ਆਧਾਰ ਤੇ ਗਰੀਨ ਕਾਰਡ ਐਡਜਸਟਮੈਂਟ ਆਫ ਸਟੇਟਸ

ਫੈਮਲੀ ਲਾਅ ਤਲਾਕ ਦੀ

ਪਟੀਸ਼ਨ ਬੱਚੇ ਦੀ ਕਸਟਡੀ ਭੱਤਾ ਜਾਂ ਖਰਚਾ ਬੱਚਿਆਂ ਲਈ ਖਰਚਾ

TANVIR JOSHI
SBN: 302226

(559) 312-0083 (O) (888) 630-1230 (F)

516 W. SHAW AVE STE 200 FRESNO, CA 93704

A-1 INTERIOR DECORATION INC.
BEST PRICES IN THE BAY AREA

- KITCHEN CABINETS
- GRANITE COUNTERTOPS
- SINKS & FAUCETS
- HARDWOOD & LAMINATE FLOORS
- DOORS AND WINDOWS
- REMODLING & NEW CONSTRUCTION

FREE Estimates

CELL 510 565-6667 OFFICE 510 732-1555 FAX 510 732-0555
Visit our showroom NOW!!!
3165 ARDEN ROAD, HAYWARD CA- 94545

See me today and get the discounts and service you deserve

STATE FARM INSURANCE

Gurbinder S Mavi
Insurance Lic# 0F22244
Bus: 650-326-0660, Cell : 408-829-6284
988 El Monte Ave Mountain View, CA 94040
Like a Good Neighbor, State Farm is There www.gmavi.com
State farm mutual Automobile Insurance Company. State Farm Indemnity Company Bloomington. IL

FARMERS
ਆਟੋ, ਘਰ, ਬਿਜ਼ਨਸ, ਲਾਈਫ ਇਸ਼ੋਰੈਂਸ ਚੰਗੇ ਭਾਅ ਉੱਤੇ ਕਰਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇਸ਼ੋਰੈਂਸ ਕਰਵੇਜ ਲਓ ਤੇ ਨਿਸ਼ਚਿੰਤ ਹੋ ਜਾਓ
+Auto +Home +Life +Umbrella +Business Work Comp.

Duabba Insurance Agency
2450 Peralta Blvd Suite 203, Fremont, CA-94536
Ph. : (510) 797-7989
Fax : (510) 794-7398

Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿਚ ਮਿਲਦਾ ਹੈ ਜਿਸ ਦੀ ਦਫਤਰ ਵੱਲੋਂ ਮਨਜ਼ੂਰੀ ਹੈ।

AUTOBAHN
Body & Paint

Specializing in Convenience & Quality

ਡੈਂਟਿੰਗ ਅਤੇ ਪੇਂਟ ਦਾ ਕੰਮ ਕਰਵਾਉਣ ਲਈ ਮਿਲੋ

Baghel Singh Jaswal
Ph: (650) 966-1840, Fax: (650) 966-1023
www.autobahnbodypaint.com
778 Yuba Drive, Mountain View, CA 94041

ਜਸਪਰੀਤ ਸਿੰਘ
ਅਟਾਰਨੀ ਐਟ ਲਾਅ, ਨਿਊਯਾਰਕ ਤੇ ਕੈਲੀਫੋਰਨੀਆ
ਰਫਿਊਜੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ, ਵਿਆਹ, ਐਚ ਵਨ, ਐਲ ਵਨ, ਲੇਬਰ ਸਰਟੀਫਿਕੇਸ਼ਨ ਦੀ ਮੁਫਤ ਸਲਾਹ ਲਈ ਸੰਪਰਕ ਕਰੋ

ਕੈਲੀਫੋਰਨੀਆ ਦਫਤਰ
44790 S. Grimmer blvd. # 204 Fremont, CA 94538
510-657-6444

ਨਿਊਯਾਰਕ ਦਫਤਰ
37-18-73rd ST. Ste 401 Jackson Height. NY 11372
718-533-8444

ਸੈਕਰਾਮੈਂਟੋ ਦਫਤਰ
2945 W. Capitol Ave. West Sacramento CA-95691
916-372-448

ਫਰਿਜ਼ਨੋ ਦਫਤਰ
4491 w. Shaw Ave # 300B Near Costco Fresno, CA 93722
phone 559-271-5511

Century 21
M&M and Associates

Cell (408) 728-0795,
Office: 510-796-2100
Serving All Bay Area And Central Valley
Working with Home Buyers & Seller

ਜਰਨੈਲ ਸਿੰਘ ਲਾਲੜੀਆ
Broker Associate
BRE #: 01440382
Email: jlallria@c21mm.com
39180 Liberty St. Suite 205, Fremont, CA 94538

Allstate.
You're in good hands.
Avninder Singh
Insurance Specialist, CA Lic. # 0822501
Auto Home Life Health Business Commercial
PH.(510) 441-7490
Toll free (877) 441-7490
30042 MISSION BLVD. SUITE 221 HAYWARD, CA 94544

RUNNING SUCCESSFULLY WORLDWIDE

AMOLAK SINGH GAKHAL PRESENTS A GAKHAL BROS. ENT. PRODUCTION

GB Entertainment MUSIC

A FILM BY SMEEP KANG

ਦੁਨੀਆਂ ਭਰ ਦੇ ਸਿਨੇਮਿਆਂ 'ਚ ਸਫਲਤਾ ਨਾਲ ਚੱਲ ਰਹੀ

VAISAKHI LIST ਵਿਸਾਖੀ ਲਿਸਟ

SUPER HIT

ਦੁਨੀਆਂ 'ਚ ਵਸਦੇ ਸਮੂਹ ਪੰਜਾਬੀ ਦਰਸ਼ਕਾਂ ਦਾ ਫਿਲਮ 'ਵਿਸਾਖੀ ਲਿਸਟ' ਨੂੰ ਸੁਪਰਹਿੱਟ ਬਣਾਉਣ ਤੇ ਜੀ ਬੀ ਐਂਟਰਟੇਨਮੈਂਟ ਵਲੋਂ

ਧੰਨਵਾਦ

GB ENTERTAINMENT

USA THEATRE LISTING

CALIFORNIA

AMC ONTARIO MILLS ONTARIO- LOS ANGELES
EDWARDS 14- BAKERSFIELD
SIERRA VISTA- FRESNO
BRENDON- MODESTO
CINEMARK LAGUNA- ELK GROVE
CINEMARK- ROSEBILLE
CINEMARK- YUBA CITY
CINEMARK HILLTOP- RICHMOND
CINEMARK- UNION CITY
CENTURY 20- MILPITAS
CINEGREAND 7- FREMONT

REST OF USA

CINEMARK MOVIES 8- INDIANA
CINEMARK 14- WARREN MICHIGAN
CINEMARK DAYTON SOUTH- DAYTON SOUTH
CINEMARK FEDERAL WAY- SEATTLE
REGAL STERLING- VIRGINIA
REGAL COMMERCE CENTRE- NEW JERSEY
JAMAICA MULTIPLEX- NEW YORK
FARMINGDALE MULTIPLEX- NEW YORK
CINEMARK MEMORIAL CITY- HOUSTON
FUN ASIA- DALLAS
REGAL MACARTHUR- DALLAS
CENTURY STRATFORD- CHICAGO

FOR MORE INFORMATION CONTACT
+ 1-559- 512- 0415

DISTRIBUTION COMPANY: GAKHAL ENTERTAINMENT INC.
PRODUCED BY: PALWINDER SINGH GAKHAL, IQBAL SINGH GAKHAL AND GURVINDER SINGH GAKHAL
ASSOCIATE PRODUCER: MANWINDER SINGH BAL AND JASKARAN SINGH GAKHAL,
MUSIC DIRECTOR: JAIDEV KUMAR, LYRICS: KUMAR, ALFAAZ, CREATIVE PRODUCER: RAJESH BANGA, STORY & SCREENPLAY: VAIBHAV SUMAN & SHREYA SRIVASTAVA
ASSOCIATE DIRECTOR: VAKIL SINGH, EDITOR: AJAY SHARMA, DIRECTOR OF PHOTOGRAPHY: BINENDRA MENON, DIALOUGE: NARESH KATOORIA,
MEDIA CONSULTANT: S. ASHOK BHAURA, EXICUTIVE PRODUCER: NATHA SINGH GAKHAL, CREATIVE DIRECTOR: VIKRAM GROVER, BACKGROUND SOUND: SALIL AMRUTE,
SOUND DESIGN: PARDEEP SURI, COUSTUME DESIGNER: PARNEET KANG, PROO. DESIGNER: RAGINI JERATH, ACTION DIRECTOR: MOHAN BAGGAD, CHOREOGRAPHER: MEHUL GADANI & SUNIL THAKUR, DIGITAL PROMOTIONS: RDM MEDIA, P. CONTROLLER: RAJ KUMAR MEHRA, DIGITAL MARKETING: RDM MEDIA

ਗਾਖਲ ਭਰਾਵਾਂ ਦੀ 'ਵਿਸਾਖੀ ਲਿਸਟ' ਫਿਲਮ

Balbir Singh M.A.
Tel : 510-938-7771

ਫਰੀਮਾਂਟ- ਗਾਖਲ ਭਰਾਵਾਂ ਵੱਲੋਂ ਇਹ ਦੂਸਰੀ ਫਿਲਮ ਪੰਜਾਬੀ ਸਿਨੇਮਾ ਦੀ ਝੋਲੀ ਪਾਈ ਗਈ ਹੈ। ਪਹਿਲੀ ਫਿਲਮ 'ਸੈਕਿੰਡ ਹੈਂਡ ਹਸਬੈਂਡ' ਤੋਂ ਇਕ ਸਾਲ ਦੇ ਵਕਫੇ ਬਾਅਦ ਹੁਣ ਵਿਸਾਖੀ ਲਿਸਟ ਫਿਲਮ ਦੇ ਸ਼ੁਰੂ ਤੋਂ ਹੀ ਕਹਾਣੀ, ਪਟਕਥਾ ਕੁਝ ਇਹੋ ਜਿਹੀ ਸ਼ੁਰੂ ਹੋਈ ਕਿ ਪੰਜਾਬੀ ਫਿਲਮਾਂ ਦੇ ਇਤਿਹਾਸ 'ਚ ਕੁਝ ਨਵੀਂ ਗੱਲ ਕਰਨ ਦੀ ਕਹਾਣੀ ਪਾਉਣ ਲੱਗੀ।

ਭਾਵੇਂ ਪੰਜਾਬੀ ਬੋਲੀ ਦੇ ਕਈ ਹਾਸ-ਕਲਾਕਾਰ ਹਨ ਇਸ ਫਿਲਮ ਵਿਚ। ਫਿਲਮ ਦੀ ਸ਼ੁਰੂਆਤ ਤੋਂ ਲੈ ਕੇ ਅੰਤ ਤੱਕ ਫਿਲਮ ਵੇਖਣ ਗਏ ਲੋਕ ਹਾਸੇ ਦੇ ਰੰਗ 'ਚ ਰੰਗੇ ਜਾਂਦੇ ਹਨ। ਕਿਉਂਕਿ 1960-1980 ਤੱਕ ਫਿਲਮਾਂ 'ਚ ਇਕ ਹਾਸ ਕਲਾਕਾਰ ਦਿਖਾਇਆ ਜਾਂਦਾ ਸੀ ਜੋ ਉਲਟੇ ਸਿੱਧੇ ਬੋਲ ਬੋਲ ਕੇ ਜਾਂ ਤੋਰ ਐਸੀ ਤੁਰਦਾ ਸੀ ਕਿ ਸਿਨੇਮਾ 'ਚ ਬੈਠੇ ਲੋਕ ਹਲਕਾ-ਫੁਲਕਾ ਹਾਸਾ ਖਿਲਾਰ ਸਕਣ। ਪਰ ਇਸ ਫਿਲਮ ਦੇ ਸੀਨ ਕੁਝ ਇਸ ਤਰ੍ਹਾਂ ਲੱਗਦੇ ਹਨ ਕਿ ਜਿਵੇਂ ਕਿਸੇ ਪਿੰਡ ਦੇ ਪਿੱਪਲ ਬੋਹੜ ਥੱਲੇ ਬੈਠੇ ਕਈ ਪੇਂਡੂ ਲੋਕ ਇਕ ਦੂਸਰੇ ਨੂੰ ਟਿਚਕਰਾਂ ਵੀ ਕਰ ਰਹੇ ਹਨ, ਹਾਸਾ ਠੱਠਾ ਕਰ ਰਹੇ ਹਨ, ਜਿਸ ਨਾਲ ਆਮ ਫਿਲਮ ਵੇਖਣ ਗਿਆ ਇਨਸਾਨ ਆਪਣੇ ਆਪ ਨੂੰ ਉਸ ਭੂਮਿਕਾ 'ਚ ਸਮਝਣ ਲੱਗਦਾ ਹੈ, ਜਿਵੇਂ ਤਰਸੇਮ ਤੇ ਜਰਨੈਲ ਕਰਦੇ ਹਨ। ਆਪ ਜ਼ਮੀਨ ਤੇ ਤੁਰਦਾ ਉਹ ਕਲਾਕਾਰ ਪੇਂਡੂ ਸੁਭਾਅ ਨਾਲ ਜੁੜਿਆ ਨਜ਼ਰ ਆਉਂਦਾ ਹੈ। ਅੱਜ ਤੱਕ ਕਿਸੇ ਫਿਲਮ 'ਚ ਹੀਰੋ ਨੂੰ ਦੋਧੀ ਨਹੀਂ ਦਿਖਾਇਆ, ਨਾ ਹੀ ਸਹਾਇਕ ਕਲਾਕਾਰ ਨੂੰ ਸਾਇਕਲ ਤੇ ਖਿਡੌਣੇ ਵੇਚਣ ਵਾਲਾ ਦਿਖਾਇਆ ਜਾਂਦਾ ਹੈ, ਇਸੇ ਲਈ ਇਸ ਫਿਲਮ 'ਚ ਤੁਹਾਨੂੰ ਆਪਣਾ ਅਕਸ ਸਹਿਜੇ ਹੀ ਨਜ਼ਰ ਆ ਜਾਂਦਾ ਹੈ। ਜ਼ਿੰਮੀ ਸ਼ੇਰਗਿੱਲ, ਸੁਨੀਲ ਗਰੋਵਰ ਨੇ ਜੇਲ੍ਹ

'ਚ ਰਹਿ ਕੇ ਜਾਂ ਬਾਹਰ ਆ ਕੇ ਜੋ ਵਾਤਾਵਰਣ ਅਨੁਸਾਰ ਸੀਨ ਸਿਰਜੇ ਹਨ, ਉਹ ਸਹਿਜੇ ਹੀ ਤੁਹਾਨੂੰ ਸਾਨੂੰ ਇਕ ਆਮ ਇਨਸਾਨ ਦੀ ਕਹਾਣੀ ਦਿਖਾਉਂਦਾ ਹੈ। ਡਾਇਰੈਕਟਰ ਸਮੀਪ ਕੰਗ ਨੇ ਪਿਛਲੀਆਂ ਕਈ ਫਿਲਮਾਂ ਬਣਾਉਣ ਤੋਂ ਬਾਅਦ ਲੱਗਦਾ ਹੈ ਤਜਰਬੇ ਪੱਖੋਂ ਕਾਫੀ ਕੁਝ ਸਿੱਖਿਆ ਹੋਇਆ ਹੈ ਤੇ ਫਿਲਮ ਨੂੰ ਕੈਮਰੇ ਦੀ ਨਜ਼ਰ ਨਾਲ ਵੇਖਣ ਤੋਂ ਇਲਾਵਾ ਪੇਂਡੂ ਲਹਿਜੇ ਦੀ ਕਹਾਣੀ ਨੂੰ ਉਸੇ ਤਰ੍ਹਾਂ ਤੱਕਿਆ। ਸਧਾਰਨ ਕਹਾਣੀ ਨੂੰ ਫਿਲਮਾਅ ਕੇ ਇਕ ਖਾਸ ਤਰ੍ਹਾਂ ਦੀ ਕਹਾਣੀ ਬਣਾ ਦਿੱਤਾ। ਸਾਰੀ ਫਿਲਮ ਵਿਚ ਉਚ ਦਰਜੇ ਦੇ ਹਾਸੇ ਹਨ, ਨਾ ਕਿ ਦੋਹਰੇ ਮਾਪਦੰਡਾਂ ਵਾਲੇ ਡਾਇਲਾਗ ਜਾਂ ਕੋਈ ਵੀ ਬੋਲ ਇਸ ਤਰ੍ਹਾਂ ਦਿਖਾਏ ਗਏ ਹਨ, ਜਿਵੇਂ ਮਰਜ਼ੀ ਸਾਰਾ ਟੱਬਰ ਬੈਠ ਕੇ ਇਸ ਫਿਲਮ ਦਾ ਆਨੰਦ ਮਾਣ ਸਕਦਾ ਹੈ।

ਸੰਗੀਤ ਪੱਖੋਂ ਉਤਮ ਹੈ ਤੇ ਧਨੀ ਰਾਮ ਚਾਤ੍ਰਿਕ ਦਾ ਗੀਤ ਬਹੁਤ ਹੀ ਮਨ ਨੂੰ ਛੋਂਹਦਾ ਹੈ ਤੇ ਜਸਵਿੰਦਰ ਭੱਲਾ ਨੇ ਕਲਾਕਾਰੀ ਦੀ ਉਚਾਈ ਤੱਕ ਕੰਮ ਕੀਤਾ ਤੇ ਹੋਰ ਕਲਾਕਾਰਾਂ ਨੇ ਵੀ ਇਕ-ਇਕ ਸੀਨ ਬਹੁਤ ਉਤਮ ਰੱਖਿਆ, ਨਾ ਕਿ ਡੰਗ ਟਪਾਊ। ਬਹੁਤੀਆਂ ਫਿਲਮਾਂ 'ਚ ਡੰਗ ਟਪਾਊ ਐਕਟਰ ਲੈ ਕੇ ਪੰਜਾਬੀ ਫਿਲਮਾਂ ਬਣਦੀਆਂ ਰਹੀਆਂ ਹਨ। ਵਿਸਾਖੀ ਲਿਸਟ ਨੂੰ ਐਕਟਰ ਚੁਣਨ ਵੇਲੇ ਸਮੀਪ ਕੰਗ ਨੇ ਕਿਰਦਾਰ ਦੇ ਹਿਸਾਬ ਨਾਲ ਹੀ ਐਕਟਰ ਚੁਣੇ। ਕਿਧਰੇ ਕਿਧਰੇ ਝਾਉਲਾ ਪੈਣ ਲੱਗਦਾ ਹੈ ਕਿ ਜਿੰਮੀ ਸ਼ੇਰਗਿੱਲ ਨਹੀਂ, ਕਿਸੇ ਪੇਂਡੂ ਦੋਧੀ ਨੂੰ ਹੀ ਫਿਲਮ 'ਚ ਹੀਰੋ ਬਣਾ ਦਿੱਤਾ ਤੇ ਸੁਨੀਲ ਗਰੋਵਰ ਵੀ ਇਵੇਂ ਹੀ ਮਹਿਸੂਸ ਕਰਾਉਂਦਾ ਹੈ।

ਕਿਧਰੇ ਕਿਧਰੇ ਸੁਣੀਂਦਾ ਹੈ ਕਿ ਪੰਜਾਬ 'ਚ ਪੁਲਿਸ ਦੇ ਉਚ ਅਫਸਰ ਬੜੇ ਹੀ ਸ਼ਰੀਫ ਨੇ। ਅੱਜ ਕੁਝ ਇਹੋ ਜਿਹਾ ਮਹਿਸੂਸ ਹੋਇਆ, ਜਿਵੇਂ ਸੱਚੀ ਇਹ ਅਫਸਰ ਸਾਡੇ ਸ਼ਹਿਰ ਦੇ ਥਾਣੇ ਹੀ ਆ ਗਿਆ ਹੋਇਆ ਜਾਂ ਇਉ ਸਮਝ ਲਓ ਕਿ ਜੇ ਸੱਚ ਹੋ ਜਾਵੇ ਤਾਂ ਪੰਜਾਬ ਦੀ ਤਸਵੀਰ ਜ਼ਰੂਰ ਬਦਲ ਜਾਵੇਗੀ।

ਇਹਨਾਂ ਰੰਗਾਂ ਵਿਚ ਰੰਗੀ ਇਹ ਫਿਲਮ ਦਿਲ ਨੂੰ ਸਿੱਧੇ ਤੌਰ ਤੇ ਛੂਹ ਜਾਂਦੀ ਹੈ ਤੇ ਆਪ ਮੁਹਾਰੇ ਇਨਸਾਨ ਕਹਿ ਉਠਦਾ ਹੈ ਕਿ ਪੰਜਾਬੀ ਸਿਨੇਮੇ ਦਾ ਸੁਨਹਿਰੀ ਭਵਿੱਖ ਹੁਣ ਵਾਪਸ ਆ ਗਿਆ ਲੱਗਦਾ ਹੈ। ਇਸ ਫਿਲਮ ਦੇ ਕਲਾਕਾਰਾਂ ਨੇ ਫਿਲਮ 'ਚ ਇਸ ਤਰ੍ਹਾਂ ਕੰਮ ਕੀਤਾ ਕਿ ਫਿਲਮ ਪੰਜਾਬੀ ਫਿਲਮਾਂ ਦੀ ਮੋਹਰਲੀ ਕਤਾਰ ਦੀ ਫਿਲਮ ਬਣ ਗਈ।

'ਪਰਦੇਸ ਟਾਇਮਜ਼' ਵੱਲੋਂ ਗਾਖਲ ਭਰਾਵਾਂ ਨੂੰ ਡਾਇਰੈਕਟਰ ਸਮੀਪ ਕੰਗ ਤੇ ਐਕਟਰਾਂ ਨੂੰ ਵਧਾਈਆਂ। ਮਾਂ ਬੋਲੀ 'ਚ ਹੋਰ ਵਾਧਾ ਕਰਦੀ ਇਹ ਫਿਲਮ ਤੁਹਾਡੇ ਵੇਖਣਯੋਗ ਹੈ। ਇਕ ਵਾਰ ਜ਼ਰੂਰ ਦੋ ਘੰਟੇ ਕੱਢ ਕੇ ਆਪਣੇ ਪੰਜਾਬ ਦੀ ਕਹਾਣੀ ਵੇਖੋ।

– ਬਲਬੀਰ ਸਿੰਘ ਐਮ. ਏ.

'ਵਿਸਾਖੀ ਲਿਸਟ' ਨੂੰ ਵਿਸ਼ਵ ਭਰ 'ਚ ਬਾਕਸ ਆਫਿਸ 'ਤੇ ਮਿਲੀ ਵੱਡੀ ਸਫਲਤਾ

ਸਾਨਫਰਾਂਸਿਸਕੋ (ਬਿਓਰੋ)- ਜੀ ਬੀ ਐਂਟਰਟੇਨਮੈਂਟ ਦੀ ਪਹਿਲੀ ਪੰਜਾਬੀ ਫਿਲਮ ਵਿਸਾਖੀ ਲਿਸਟ ਨੂੰ ਵਿਸ਼ਵ ਭਰ ਵਿਚ ਪੰਜਾਬੀ ਦਰਸ਼ਕਾਂ ਨੇ ਵੱਡਾ ਹੁੰਗਾਰਾ 'ਤੇ ਹੁਲਾਰਾ ਦਿੱਤਾ ਹੈ। ਇਸ ਫਿਲਮ ਨਾਲ ਪੰਜਾਬੀ ਫਿਲਮ ਜਗਤ ਵਿਚ ਚੰਗੀਆਂ ਫਿਲਮਾਂ ਲਈ ਮੌਸਮ ਹੋਰ ਵੀ ਖੁਸ਼ਗਵਾਰ ਹੋ ਗਿਆ ਹੈ। ਫਿਲਮ ਦੇ ਨਿਰਦੇਸ਼ਕ ਸਮੀਪ ਕੰਗ ਨੇ ਕਿਹਾ ਹੈ ਕਿ ਉਸ ਦੀ 'ਕੈਰੀ ਆਨ ਜੱਟਾ' ਫਿਲਮ ਤੋਂ ਵੀ ਚੰਗੀ 'ਵਿਸਾਖੀ ਲਿਸਟ' ਫਿਲਮ ਨੂੰ ਦਰਸ਼ਕਾਂ ਨੇ ਸਵੀਕਾਰ ਕੀਤਾ ਹੈ। ਇਸ ਫਿਲਮ ਦੀ ਵੱਡੀ ਸਫਲਤਾ ਦੇ ਕਾਰਨਾ ਨੂੰ ਮੀਡੀਏ ਨਾਲ ਸਾਂਝੇ ਕਰਦਿਆਂ ਕਿਹਾ ਕਿ ਫਿਲਮ ਵਿਚ ਹਾਸਰਸ ਨੱਕੋ ਨੱਕ ਭਰਿਆ ਗਿਆ ਹੈ। ਜਿਵੇਂ ਕਿਹਾ ਜਾਂਦਾ ਸੀ ਕਿ ਪੰਜਾਬੀ ਫਿਲਮਾਂ ਵਿਚ ਵਧੀਆ ਕਹਾਣੀ ਵੀ ਹੋਣੀ ਚਾਹੀਦੀ ਹੈ ਉਹ ਵੀ ਉਹਨਾਂ ਨੇ ਇਕ ਤਰਾਂ ਨਾਲ ਪੰਜਾਬੀ ਦਰਸ਼ਕਾਂ ਦੀ ਮੰਗ ਪੂਰੀ ਕੀਤੀ ਹੈ। ਫਿਲਮ ਦੇ ਸਾਰੇ ਅਦਾਕਾਰ ਹੀ ਆਪੋ ਆਪੋ ਕਿਰਦਾਰ ਨਿਭਾਉਣ ਵਿਚ ਇਕ ਦੂਜੇ ਤੋਂ ਅੱਗੇ ਰਹੇ ਹਨ। ਪਰ ਸਮੀਮ ਕੰਗ ਨੇ ਇਸ ਫਿਲਮ ਦੀ ਸਫਲਤਾ ਦਾ ਇਕ ਹੋਰ ਰਾਜ਼ ਸਾਂਝਾ ਕਰਦਿਆਂ ਵੀ ਦੱਸਿਆ ਕਿ ਜਿਸ ਵੀ ਦਰਸ਼ਕ ਨੇ ਇਸ ਫਿਲਮ ਨੂੰ ਵੇਖਿਆ ਉਸਨੇ ਬਾਹਰ ਆ ਕੇ ਚੰਗੀ ਪ੍ਰਤੀਕਿਰਿਆ ਦੇ ਨਾਲ ਨਾਲ ਦੂਜਿਆਂ ਨੂੰ ਇਸ ਫਿਲਮ ਨੂੰ ਵੇਖਣ ਲਈ ਵੀ ਪ੍ਰੇਰਿਆ ਤੇ ਇਹੋ ਹੀ ਇਕ ਸਫਲ ਨਿਰਦੇਸ਼ਕ ਦੀ ਸਭ ਤੋਂ ਵੱਡੀ ਪ੍ਰਾਪਤੀ ਹੁੰਦੀ ਹੈ।

ਡਾਇਰੈਕਟਰ ਸਮੀਪ ਕੰਗ

ਫਿਲਮ ਵਿਚ ਜੇਲ੍ਹਰ ਜਲੌਰ ਸਿੰਘ ਜੌਹਲ ਦੀ ਭੂਮਿਕਾ ਨਿਭਾਉਣ ਵਾਲੇ ਜਸਵਿੰਦਰ ਭੱਲਾ ਨੇ ਆਪਣੇ ਹੀ ਵਿਅੰਗਮਈ ਅੰਦਾਜ਼ ਵਿਚ ਕਿਹਾ ਕਿ ਉਸ ਨੂੰ ਆਸ ਸੀ ਕਿ 'ਵਿਸਾਖੀ ਲਿਸਟ' ਸੱਚੀਂ ਮੁੱਚੀਂ ਹੀ ਪੰਜਾਬੀ ਫਿਲਮ ਜਗਤ ਵਿਚ ਇਕ ਨਵਾਂ ਚੰਨ ਚੜ੍ਹਾਏਗੀ ਅਤੇ ਇਹ ਸਫਲਤਾ ਦਾ ਚੰਨ੍ਹ ਪੂੰਨਿਆ ਵਰਗਾ ਚੜ੍ਹ ਗਿਆ ਹੈ। ਜਿੰਮੀ ਸ਼ੇਰਗਿੱਲ, ਸੁਨੀਲ ਗਰੋਵਰ ਉਰਫ ਗੁੱਥੀ ਆਪੋ ਆਪਣੇ ਅੰਦਾਜ ਵਿਚ ਫਿਲਮ ਵਿਸਾਖੀ ਲਿਸਟ ਦੀ ਗੱਲ ਕਰਦਿਆਂ ਦਰਸ਼ਕਾਂ ਦੇ ਚਿਹਰਿਆਂ ਤੇ ਰੌਣਕ ਤੇ ਹਾਸੇ ਲਿਆਉਣ ਨੂੰ ਆਪਣੀ ਮੁੱਖ ਪ੍ਰਾਪਤੀ ਦੱਸਦੇ ਹਨ।ਪਰ ਇਥੇ ਇਸ ਗੱਲ ਨੂੰ ਸਵੀਕਾਰ ਕਰ ਲੈਣਾ ਪਵੇਗਾ ਕਿ ਫਿਲਮ ਵਿਚ ਧਨੀ ਰਾਮ ਚਾਤ੍ਰਿਕ ਦੀ ਅਮਰ ਰਚਨਾ 'ਮਾਰਦਾ ਦਮਾਮੇ ਜੱਟ ਮੇਲੇ ਆ ਗਿਆ' ਰਣਜੀਤ ਬਾਵਾ ਦਾ ਗਾਇਆ ਗੀਤ ਫਿਲਮ ਦੀ ਸਫਲਤਾ ਦਾ ਇਕ ਖਾਸ ਕਾਰਨ ਹੈ।

ਜੀ ਬੀ ਐਨਟਰਟੇਨਮੈਂਟ ਦੀ ਸਮੁੱਚੀ ਟੀਮ ਨੇ ਇਸ ਫਿਲਮ ਦੀ ਸਫਲਤਾ ਨੂੰ ਆਪਣੀ ਘੱਟ ਸਗੋਂ ਪੰਜਾਬੀ ਫਿਲਮ ਜਗਤ ਦੀ ਇਕ ਸਾਰਥਿਕ ਪ੍ਰਾਪਤੀ ਇਹ ਕਹਿੰਦਿਆਂ ਦੱਸਿਆ ਕਿ ਇਹ ਇਕ ਪਰਿਵਾਰਕ ਫਿਲਮ ਹੈ ਜਿਸਦਾ ਅਨੰਦ ਬੱਚਿਆਂ ਨਾਲ ਬੈਠ ਕੇ ਵੀ ਮਾਣਿਆ ਜਾ ਸਕਦਾ ਹੈ। ਨਿਰਮਾਤਾ ਅਮੋਲਕ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਨੇ ਵੀ 'ਵਿਸਾਖੀ ਲਿਸਟ' ਦੀ ਇਸ ਸਫਲਤਾ ਨੂੰ ਪੰਜਾਬੀ ਦਰਸ਼ਕਾਂ ਦੀ ਝੋਲੀ ਪਾਉਂਦਿਆਂ ਕਿਹਾ ਕਿ ਉਹ ਮਨੋਰੰਜਨ ਅਤੇ ਉਦੇਸ਼ ਭਰਪੂਰ ਫਿਲਮਾਂ ਬਣਾਉਂਦੇ ਰਹਿਣਗੇ ਅਤੇ ਫਿਲਮ ਜਗਤ ਵਿਚ ਉਹਨਾਂ ਦਾ ਪ੍ਰਵੇਸ਼ ਮਹਿਜ਼ ਸ਼ੁਗਲ ਜਾਂ ਤਜ਼ਰਬਾ ਨਹੀਂ ਸਗੋਂ ਇਕ ਸਫਲ ਵਪਾਰਕ ਨਜ਼ਰੀਆ ਵੀ ਹੈ।

ਉਹਨਾਂ ਅਗਲੇ ਕੁਝ ਮਹੀਨਿਆਂ ਵਿਚ ਤਿਆਰ ਹੋਣ ਵਾਲੀਆਂ ਫਿਲਮਾਂ ਪ੍ਰਤੀ ਵੀ ਪੰਜਾਬੀਆਂ ਤੋਂ ਅਜਿਹੇ ਹੁੰਗਾਰੇ ਦੀ ਆਸ ਪ੍ਰਗਟਾਈ। ਫਿਲਮ ਦੇ ਮੀਡੀਆ ਇੰਚਾਰਜ ਐੱਸ ਅਸ਼ੋਕ ਭੌਰਾ ਨੇ ਸਮੁੱਚੇ ਵਿਸ਼ਵ ਦੇ ਇਲੈਕ-ਟਰਾਨਿਕ 'ਤੇ ਪ੍ਰਿੰਟ ਮੀਡੀਏ ਦੀ ਵਡਿਆਈ ਕਰਦਿਆਂ ਕਿਹਾ ਕਿ ਪਹਿਲੀ ਵਾਰ ਹੈ ਕਿਸੇ ਪੰਜਾਬੀ ਫਿਲਮ ਨੂੰ ਪੰਜਾਬੀ ਮੀਡੀਏ ਨੇ ਸੱਚੀਂ ਮੁੱਚੀਂ ਹੀ ਹੱਥੀਂ ਛਾਵਾਂ ਕੀਤੀਆਂ ਹੋਣ। ਗਾਖਲ ਭਰਾਵਾਂ ਨੇ ਆਸ ਪ੍ਰਗਟਾਈ ਹੈ ਕਿ ਅਗਲੇ ਦਿਨਾਂ ਵਿਚ ਇਹ ਫਿਲਮ ਨਾ ਸਿਰਫ ਚੰਗਾ ਰੈਵਨਿਊ ਦੇਵੇਗੀ ਸਗੋਂ ਸਿਨੇਮਾ ਖਿੜਕੀ 'ਤੇ ਹੋਰ ਵੀ ਰੌਣਕ ਇਕੱਠੀ ਕਰਨ ਵਿਚ ਸਫਲ ਹੋਵੇਗੀ।



E-mail:- shweat077@yahoo.com
www.surajvanshipharmacy.com

ਮਰਦਾਨਾ ਕਮਜ਼ੋਰੀ
ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ

ਅਸਰ 3 ਦਿਨਾਂ ਤੋਂ ਸ਼ੁਰੂ
ਬੁਢਾਪੇ 'ਚ ਜਵਾਨੀ ਮਾਣੋ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ: 59/AY/PB.

ਸੈਕਸ ਵਿਚ ਭਰਪੂਰ ਜੋਸ਼ ਅਤੇ ਮਨਚਾਹਾ ਟਾਈਮ

ਵਿਆਹ ਤੋਂ ਪਹਿਲਾਂ ਜਾਂ ਵਿਆਹ ਤੋਂ ਬਾਅਦ ਹਰ ਉਮਰ 'ਚ ਹਾਸਲ ਕਰੋ

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ, ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਸਿਹਤ ਬਣਾਓ

ਵਾਲ ਝੜਨਾ ਜਾਂ ਸਫੈਦ ਹੋਣਾ

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi +91-98155-33933

ਸੁਖਪਾਲ ਸਿੰਘ ਖਹਿਰਾ ਯੂਬਾ ਸਿਟੀ ਵਿਖੇ ਸ. ਦੀਦਾਰ ਸਿੰਘ ਬੈਂਸ ਦੇ ਗ੍ਰਹਿ ਵਿਖੇ ਦੀਦਾਰ ਸਿੰਘ ਦੇ ਸਪੁੱਤਰ ਸ. ਕਰਮ ਸਿੰਘ ਬੈਂਸ, ਸਾਬਕਾ ਮੇਅਰ ਯੂਬਾ ਸਿਟੀ ਕੈਸ਼ ਗਿੱਲ।

ਯਾਦਗਾਰੀ ਤਸਵੀਰ ਖਿਚਵਾਉਂਦੇ ਹੋਏ ਸੁਖਪਾਲ ਸਿੰਘ ਖਹਿਰਾ ਨਾਲ ਇਕ ਸੱਜਣ, ਮੰਗਲ ਸਿੰਘ ਭੰਡਾਲ, ਸੰਤੋਖ ਸਿੰਘ ਜੱਜ, ਕਰਮ ਸਿੰਘ ਬੈਂਸ, ਦੀਦਾਰ ਸਿੰਘ ਬੈਂਸ, ਸੁਖਪਾਲ ਸਿੰਘ ਖਹਿਰਾ, ਬਲਬੀਰ ਸਿੰਘ ਐਮ. ਏ.।

ਸੰਪਾਦਕੀ

ਪੰਜਾਬ ਪੁਲਿਸ, ਜਿਸ ਨੂੰ ਭਾਰਤ ਦੀ ਸਭ ਤੋਂ ਸਖਤ ਅਤੇ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੀ ਪੁਲਿਸ ਮੰਨਿਆ ਜਾਂਦਾ ਹੈ, ਹੁਣ ਨਾਗਰਿਕਾਂ ਦੀ ਸੁਰੱਖਿਆ ਕਰਨ ਵਿਚ ਵੀ ਅਸਮਰੱਥ ਨਜ਼ਰ ਆ ਰਹੀ ਹੈ। ਪੰਜਾਬ ਵਿਚ ਅਪਰਾਧਾਂ ਤੇ ਰੋਕ ਨਾ ਲੱਗਣੀ ਇਕ ਵੱਡੀ ਚਿੰਤਾ ਦਾ ਵਿਸ਼ਾ ਬਣਦੀ ਜਾ ਰਹੀ ਹੈ। ਲੁੱਟਮਾਰ, ਕਤਲ, ਅਗਵਾ ਕਰਨ ਦੀਆਂ ਵਾਰਦਾਤਾਂ ਵਿਚ ਤੇਜ਼ੀ ਨਾਲ ਵਾਧਾ ਹੁੰਦਾ ਜਾ ਰਿਹਾ ਹੈ।ਕੁਝ ਦਿਨ ਪਹਿਲਾਂ ਨਾਮਧਾਰੀ ਸੰਸਥਾ ਦੀ ਮੁਖੀ ਦਾ ਕਤਲ ਹੋਇਆ। ਲੁਧਿਆਣੇ ਵਿਚ ਹਰ ਰੋਜ਼ ਕਿਤੇ ਨਾ ਕਿਤੇ ਲੁੱਟਮਾਰ, ਡਕੈਤੀ ਦੀਆਂ ਵਾਰਦਾਤਾਂ ਹੋ ਰਹੀਆਂ ਹਨ। ਹੁਣ ਇਕ ਹਿੰਦੂ ਜਥੇਬੰਦੀ ਦੇ ਕਾਰਕੁੰਨ ਦੀ ਹੱਤਿਆ ਕਰ ਦਿੱਤੀ ਗਈ। ਪਠਾਨਕੋਟ ਅਤੇ ਜਲੰਧਰ ਵਿਚ ਵੀ ਅਜਿਹੀਆਂ ਵਾਰਦਾਤਾਂ ਹੋਈਆਂ ਹਨ। ਧਰਮ ਦੇ ਨਾਂ ਤੇ ਪੰਜਾਬ ਵਿਚ ਹਰ ਰੋਜ਼ ਕਿਤੇ ਨਾ ਕਿਤੇ ਭੜਕਾਹਟ ਪੈਦਾ ਹੁੰਦੀ ਹੈ। ਪੁਲਿਸ ਤੰਤਰ ਬਦਮਾਸ਼ਾਂ ਨੂੰ ਹੱਥ ਪਾਉਣ ਤੋਂ ਡਰਨ ਲੱਗਿਆ ਹੈ। ਨਾਭਾ ਵਿਚ ਸ਼ਰੇਆਮ ਪੁਲਿਸ ਵਾਲਿਆਂ ਨੂੰ ਗੋਲੀ ਮਾਰ ਕੇ ਨਸ਼ਾ ਸਮਗਲਰ ਆਪਣੇ ਸਾਥੀ ਨੂੰ ਛੁਡਾ ਕੇ ਲੈ ਗਏ। ਧਰਮ ਦੇ ਨਾਂ ਤੇ ਦੰਗਿਆਂ ਵਾਲਾ ਮਾਹੌਲ ਪੈਦਾ ਕੀਤਾ ਜਾਂਦਾ ਹੈ। ਪੁਲਿਸ ਆਮ ਆਦਮੀ ਦੀ ਸੁਣਵਾਈ ਨਹੀਂ ਕਰਦੀ, ਸਿਰਫ ਖਾਸ ਲੋਕਾਂ ਦੀ ਹੀ ਸੁਣਦੀ ਹੈ। ਇਹਨਾਂ ਵਾਰਦਾਤਾਂ ਦੇ ਪਿੱਛੇ ਰਾਜਨੀਤੀ ਵੀ ਕੰਮ ਕਰਦੀ ਹੈ। ਜੋ ਲੋਕ ਇਹਨਾਂ ਦੇ ਪਿੱਛੇ ਹਨ, ਉਹਨਾਂ ਨੂੰ ਪਕੜਨਾ ਜ਼ਰੂਰੀ ਹੈ। ਅਜਿਹਾ ਤਾਂ ਹੀ ਹੋ ਸਕੇਗਾ ਜਦੋਂ ਪੁਲਿਸ ਇਹਨਾਂ ਵਾਰਦਾਤਾਂ ਨੂੰ ਚੁਣੌਤੀ ਦੇ ਰੂਪ ਵਿਚ ਲਵੇਗੀ। ਹੋ ਇਹ ਰਿਹਾ ਹੈ ਕਿ ਵਾਰਦਾਤ ਤੋਂ ਬਾਅਦ ਤਾਂ ਪੁਲਿਸ ਅਚਾਨਕ ਹਰਕਤ ਵਿਚ ਆ ਜਾਂਦੀ ਹੈ ਅਤੇ ਕੁਝ ਦਿਨ ਤੱਕ ਚੌਕਸੀ ਵੀ ਵਰਤਦੀ ਹੈ ਪਰ ਫਿਰ ਸਭ ਕੁਝ ਪਹਿਲਾਂ ਵਾਂਗ ਆਮ ਹੋ ਜਾਂਦਾ ਹੈ। ਅੱਜਕਲ੍ਹ ਜ਼ਿਆਦਾਤਰ ਵਾਰਦਾਤਾਂ ਤੋਂ ਬਾਅਦ ਪੁਲਿਸ ਇਹ ਕਹਿੰਦੀ ਹੈ ਕਿ ਸੀ. ਸੀ. ਟੀ. ਵੀ. ਕੈਮਰੇ ਦੇਖੇ ਜਾ ਰਹੇ ਹਨ, ਵਾਰਦਾਤ ਕਰਨ ਵਾਲੇ ਕੈਮਰੇ ਵਿਚ ਕੈਦ ਹੋ ਚੁੱਕੇ ਹਨ। ਪਰ ਹੁੰਦਾ ਕੁਝ ਨਹੀਂ।

ਨਸ਼ਿਆਂ ਦੇ ਨਾਂ ਤੇ ਛੋਟੇ-ਮੋਟੇ ਨਸ਼ੇੜੀਆਂ ਨੂੰ ਤਾਂ ਪਕੜਿਆ ਜਾਂਦਾ ਹੈ ਪਰ ਸਮਗਲਰਾਂ ਨੂੰ ਹੱਥ ਨਹੀਂ ਪਾਇਆ ਜਾਂਦਾ। ਆਮ ਆਦਮੀ ਨੂੰ ਤਾਂ ਥਾਣੇ ਡੱਕਿਆ ਜਾਂਦਾ ਹੈ ਪਰ ਜ਼ੋਰਾਵਰ ਨੂੰ ਕੁਝ ਨਹੀਂ ਕਿਹਾ ਜਾਂਦਾ। ਕੀ ਇਹ ਨਿਆਂਤੰਤਰ ਹੈ? ਪੰਜਾਬ ਦੇ ਲੋਕ ਬਹਾਦਰ ਲੋਕ ਹਨ, ਅਮਨ ਪਸੰਦ ਹਨ ਅਤੇ ਲੜਾਈ ਵੀ ਤਾਕਤ ਨਾਲ ਕਰਨਾ ਜਾਣਦੇ ਹਨ ਪਰ ਪੰਜਾਬ ਦੇ ਲੋਕ ਧਰਮ ਨਿਰਪੱਖ ਹਨ। ਇਹਨਾਂ ਉਤੇ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਵਾਲੇ ਅਸਰ ਨਹੀਂ ਕਰਦੇ, ਪਰ ਅਪਰਾਧੀਆਂ ਦੀ ਰੋਕਥਾਮ ਆਮ ਲੋਕ ਨਹੀਂ, ਸਿਰਫ ਪੁਲਿਸ ਹੀ ਕਰ ਸਕਦੀ ਹੈ। ਬਿਹਤਰ ਹੈ ਕਿ ਪੁਲਿਸ ਸਿਸਟਮ ਆਪਣਾ ਕੰਮ ਪੂਰੀ ਮੁਸ਼ਤੈਦੀ ਨਾਲ ਕਰੇ। ਸਿਆਸਤਦਾਨਾਂ ਦੇ ਪਿੱਛੇ ਘੇਰਾ ਬਣਾ ਕੇ ਫਿਰਨ ਨਾਲ ਪੁਲਿਸ ਦਾ ਕੰਮ ਪੂਰਾ ਨਹੀਂ ਹੁੰਦਾ, ਅਫਸਰਾਂ ਨੂੰ ਸਲਿਊਟ ਮਾਰ ਕੇ ਉਹਨਾਂ ਦੇ ਲਈ ਆਮ ਲੋਕਾਂ ਦਾ ਰਸਤਾ ਰੋਕਣਾ ਕੋਈ ਲੋਕਰਾਜ ਨਹੀਂ। ਅਫਸਰ ਜਨਤਾ ਦੇ ਸੇਵਕ ਹਨ, ਉਹ ਜਨਤਾ ਦੇ ਕੋਈ ਮਹਾਰਾਜੇ ਨਹੀਂ ਹਨ। ਲੋਕਰਾਜ ਵਿਚ ਸਭ ਇਕ ਬਰਾਬਰ ਹਨ, ਇਸ ਕਰਕੇ ਪੁਲਿਸ ਵਿਵਸਥਾ ਵੀ ਸਾਰਿਆਂ ਨੂੰ ਬਰਾਬਰ ਸੁਰੱਖਿਆ ਦੇਣ ਦੀ ਪਾਬੰਦ ਹੈ। ਜੇਕਰ ਇਸ ਭਾਵਨਾ ਨਾਲ ਪੁਲਿਸ ਵਿਵਸਥਾ ਕੰਮ ਕਰੇ ਤਾਂ ਪੰਜਾਬ ਵਿਚ ਮੁੱਠੀ ਭਰ ਅਪਰਾਧੀਆਂ ਦੀ ਹਿੰਮਤ ਨਹੀਂ ਪਵੇਗੀ ਕਿ ਉਹ ਆਮ ਲੋਕਾਂ ਨੂੰ ਪ੍ਰੇਸ਼ਾਨ ਕਰ ਸਕਣ।

-ਬਲਬੀਰ ਸਿੰਘ ਐਮ ਏ

Balbir Singh M.A.
Editor in Chief & Publisher
e-mail: bsma54@gmail.com
Tel : 510-938-7771, Ph : 510-516-3536
36415 RUSCHIN DR. NEWARK, CA 94560

Pardes Times (2nd office)
Ranjit Kandola ,Managing Editor
530-315-1020, email-Kandola@macloans.net
550 N PALORA Ave, Yuba City (CA) 95991

Buta Ram joshi Staff Reporter, Fresno 559-803-0055

Web designed www.pardestimes.com
by Aman Bansil 510-589-2245

The Pardes Times And People Associated With It Are Not Responsible For Any Claims Made By The Advertisers And Don't Endorse Any Product Or Services Advertised In The Pardes Times. Please Consult Your Attorney Before Buying/Hiring Contracting Through The Ads Published In The News Paper. The Pardes Times Is In Business Of Selling Spaces And Claims Made By Advertisers Are Not Tested/Confirmed By An Independent Source.

ਬੈਂਕਾਂ ਨਾਲ ਜੁੜੀਆਂ ਸਮੱਸਿਆਵਾਂ ਅਤੇ ਕੁਝ ਸਵਾਲ

Sinder Singh Pasiana
(Advocate)
Email - sindersingh2009@gmail.com
(91-86991-19745 M)

ਬੈਂਕਾਂ ਨਾਲ ਜੁੜੀਆਂ ਮੁਸ਼ਕਿਲਾਂ, ਬੈਂਕਾਂ ਦੀਆਂ ਸਕੀਮਾਂ, ਪਾਲਸੀਆਂ ਅਕਸਰ ਉਲਝਾਉਂਦੀਆਂ ਹਨ। ਬੈਂਕਾਂ ਅਤੇ ਫਾਇਨਾਂਸ ਕੰਪਨੀਆਂ ਬਹੁਤ ਕੁਝ ਤੁਹਾਡੇ ਤੋਂ ਲੁਕਾਉਂਦੀਆਂ ਹਨ। ਭਾਰਤ ਵਿਚ ਜ਼ੀਰੋ ਫੀਸਦੀ ਵਿਆਜ ਦੀਆਂ ਸਕੀਮਾਂ ਜੋ ਫਾਇਨਾਂਸ ਕੰਪਨੀਆਂ ਨੇ ਚਲਾਈਆਂ ਹਨ, ਅਸਲ ਵਿਚ ਉਹ ਤੁਹਾਨੂੰ ਫਸਾਉਣ ਲਈ ਹਨ। ਇਹਨਾਂ ਕੰਪਨੀਆਂ ਨੇ ਅਜਿਹੀਆਂ ਸੈਂਕੜੇ ਲੁਕਵੀਆਂ ਸਕੀਮਾਂ ਚਲਾਈਆਂ ਹਨ, ਜਿਹਨਾਂ ਦੇ ਜ਼ਰੀਏ ਇਹ ਤੁਹਾਡੇ ਤੋਂ ਮੋਟੀ ਰਕਮ ਬਟੋਰਦੀਆਂ ਹਨ। ਇੰਸ਼ੋਰੈਂਸ, ਸਟੈਂਡਰਡ ਵਾਰੰਟੀ, ਗਰੰਟੀ ਆਦਿ ਅਜਿਹੀਆਂ ਭਰਮਾਊ ਗੱਲਾਂ ਹਨ, ਜਿਹੜੀਆਂ ਆਮ ਖਪਤਕਾਰ ਨਹੀਂ ਸਮਝ ਪਾਉਂਦਾ। ਜੇਕਰ ਤੁਸੀਂ ਕਿਸੇ ਬੈਂਕ ਤੋਂ 10 ਹਜ਼ਾਰ ਦਾ ਕਰਜ਼ਾ ਲਿਆ ਤਾਂ ਉਹ ਤੁਹਾਡੇ ਤੇ ਵਿਆਜ ਲਗਾਵੇਗਾ, ਜੋ ਸਾਲ ਦਾ 1 ਤੋਂ 2 ਹਜ਼ਾਰ ਹੋ ਸਕਦਾ ਹੈ, ਪਰ ਜੇਕਰ ਤੁਸੀਂ ਕਿਸੇ ਫਾਇਨਾਂਸ ਕੰਪਨੀ ਤੋਂ ਇੰਨਾ ਹੀ ਕਰਜ਼ਾ ਲਿਆ ਉਹ ਤੁਹਾਡੇ ਤੋਂ 4 ਤੋਂ 5 ਹਜ਼ਾਰ ਤੱਕ ਬਟੋਰ ਲੈਂਦੀ ਹੈ। ਅਜਿਹੇ ਕਈ ਸਵਾਲ ਪਿਛੇ ਦਿਨਾਂ ਵਿਚ ਆਏ ਹਨ, ਜਿਹਨਾਂ ਦਾ ਜਵਾਬ ਅਸੀਂ ਆਪਣੇ ਪਾਠਕਾਂ ਨੂੰ ਦੇ ਰਹੇ ਹਾਂ।

ਇਕ ਪਾਠਕ ਦਾ ਸਵਾਲ ਸੀ ਕਿ ਉਸਨੇ 8 ਲੱਖ ਰੁਪਏ ਦਾ ਹੋਮ ਲੋਨ ਬੈਂਕ ਤੋਂ ਲਿਆ। ਬੈਂਕ ਨੇ 25 ਹਜ਼ਾਰ ਰੁਪਏ ਦਾ ਇੰਸ਼ੋਰੈਂਸ ਵੀ ਕੀਤਾ ਪਰ ਪਾਲਸੀ ਦੀਆਂ ਰਸੀਦਾਂ ਨਹੀਂ ਦਿੱਤੀਆਂ। ਪਰ ਸੈਕਸ਼ਨ ਲੈਟਰ ਤੇ ਜ਼ਰੂਰ ਇਸ ਇੰਸ਼ੋਰੈਂਸ ਦਾ ਜ਼ਿਕਰ ਕੀਤਾ। ਤਕਰੀਬਨ 13 ਸਾਲ ਬਾਅਦ ਪਤਨੀ ਦੀ ਮੌਤ ਹੋ ਗਈ। ਜਦੋਂ ਬੈਂਕ ਵਿਚ ਆਪਣੇ ਲੋਨ ਅਤੇ ਇੰਸ਼ੋਰੈਂਸ ਦੀ ਰਕਮ ਦੀ ਸੈਟਲਮੈਂਟ ਲਈ ਗਏ ਤਾਂ ਮੈਨੇਜਰ ਨੇ ਰੁੱਖਾ ਵਿਵਹਾਰ ਕੀਤਾ। ਉਹ ਇਸ ਕੇਸ ਵਿਚ ਕੋਈ ਦਿਲਚਸਪੀ ਨਹੀਂ ਲੈ ਰਹੇ ਸਨ। ਕੀ ਬੈਂਕ ਦੇ ਖਿਲਾਫ ਕੋਈ ਕਾਰਵਾਈ ਕੀਤੀ ਜਾ ਸਕਦੀ ਹੈ?

ਜਵਾਬ: ਤੁਸੀਂ ਬੈਂਕ ਨਾਲ ਕੀ ਸੈਟਲ ਕਰਨਾ ਚਾਹੁੰਦੇ ਹੋ ਅਤੇ ਇੰਸ਼ੋਰੈਂਸ ਦਾ ਮਾਮਲਾ ਕੀ ਹੈ। ਸਿਰਫ ਇੰਨਾ ਪਤਾ ਲੱਗ ਰਿਹਾ ਹੈ ਕਿ ਤੁਸੀਂ ਬੈਂਕ ਤੋਂ ਆਪਣੇ ਘਰ ਦੇ ਦਸਤਾਵੇਜ਼ ਮੰਗ ਰਹੇ ਹੋ, ਜਿਸਦੇ ਲਈ ਤੁਹਾਨੂੰ ਕੋਈ ਸਪੋਰਟ ਨਹੀਂ ਮਿਲ ਰਹੀ। ਜੇਕਰ ਤੁਹਾਡੀ ਪਤਨੀ ਨੇ ਬੈਂਕ ਕੋਲ ਘਰ ਦੇ ਦਸਵਾਤੇਜ ਰੱਖ ਕੇ ਲੋਨ ਲਿਆ ਹੈ ਤਾਂ ਤੁਸੀਂ ਪਹਿਲਾਂ ਬੈਂਕ ਨੂੰ ਆਪਣੀ ਪਤਨੀ ਦੀ ਮੌਤ ਦੀ ਸੂਚਨਾ ਡੈਥ ਸਰਟੀਫਿਕੇਟ ਦੇ ਰੂਪ ਵਿਚ ਦਿਓ। ਫਿਰ ਖੁਦ ਨੂੰ ਉਹਨਾਂ ਦਾ ਕਾਨੂੰਨੀ ਉਤਰਾਧਿਕਾਰੀ ਦੱਸ ਕੇ ਬਕਾਇਆ ਲੋਨ ਪੂਰਾ ਕਰਨ ਦੀ ਗੱਲ ਕਰੋ। ਬੈਂਕ ਨੇ ਇਸ ਬਾਰੇ ਜੋ ਵੀ ਲੈਟਰ ਲਿਖੇ, ਉਹਨਾਂ ਦੀ ਰਸੀਦ ਜਾਂ ਰਿਸੀਵਿੰਗ ਜ਼ਰੂਰ ਲੈ ਲਓ। ਜੇਕਰ ਡਾਕ ਰਾਹੀਂ ਭੇਜੇ ਹਨ ਰਜਿਸਟਰਡ ਪੋਸਟ ਜ਼ਰੀਏ ਆਪਣਾ ਜਵਾਬ ਭੇਜੋ। ਤੁਹਾਡੇ ਦਸਤਾਵੇਜ਼/ ਪ੍ਰਾਪਰਟੀ ਬੈਂਕ ਦੇ ਕੋਲ ਹੈ, ਕਿਸ਼ਤ ਨਾ ਦੇਣ ਤੇ ਤੁਸੀਂ ਡਿਫਾਲਟਰ ਹੋ ਸਕਦੇ ਹੋ। ਬੈਂਕ ਤੁਹਾਡੇ ਤੋਂ ਕੁਝ ਵੀ ਲਿਖਤੀ ਰੂਪ ਵਿਚ ਨਾ ਮਿਲਣ ਤੇ ਨਿਯਮ ਮੁਤਾਬਕ ਕਾਰਵਾਈ ਕਰ ਸਕਦਾ ਹੈ। ਜੇਕਰ ਤੁਹਾਡਾ ਲੋਨ ਵੀ ਇੰਸ਼ੋਰਡ ਹੈ ਤਾਂ ਪਹਿਲਾਂ ਆਪਣੇ ਲੋਨ ਅਪਰੂਵਲ ਦੇ ਦਸਤਾਵੇਜਾਂ ਨੂੰ ਗੌਰ ਨਾਲ ਪੜ੍ਹੋ। ਲਿਖਤ ਕਾਰਵਾਈ ਜ਼ਰੂਰ ਕਰੋ।

ਸਵਾਲ: ਮੇਰਾ ਇਕ ਬੈਂਕ ਵਿਚ ਸੇਵਿੰਗ ਖਾਤਾ ਹੈ, ਜਿਸਦਾ ਚੈਕ ਮੈਂ ਆਪਣੇ ਬੱਚਿਆਂ ਦੀ ਫੀਸ ਭਰਨ ਲਈ ਸਕੂਲ ਵਿਚ ਦਿੱਤਾ। ਸਕੂਲ ਨੇ ਚੈਕ ਇਹ ਕਹਿ ਕੇ ਵਾਪਸ ਕਰ ਦਿੱਤਾ ਕਿ ਉਹ ਤਕਨੀਕੀ ਕਾਰਨਾਂ ਕਰਕੇ ਡਿਸਆਨਰ ਹੋ ਗਿਆ ਹੈ ਅਤੇ ਬੈਂਕ ਨੇ ਇਸ ਕਾਰਨ 150 ਰੁਪਏ ਮੇਰੇ ਖਾਤੇ ਵਿਚੋਂ ਚਾਰਜ ਵਜੋਂ ਕੱਟ ਲਏ। ਜਦੋਂ ਮੈਂ ਆਪਣੇ ਬੈਂਕ ਜਾ ਕੇ ਪਤਾ ਕੀਤਾ ਤਾਂ ਉਹਨਾਂ ਕਿਹਾ ਕਿ ਤੁਹਾਡਾ ਚੈਕ ਪੁਰਾਣਾ ਹੋ ਗਿਆ ਹੈ ਅਤੇ ਹੁਣ ਨਵੇਂ ਚੈਕ ਹੀ ਚਲਦੇ ਹਨ। ਹਾਲਾਂਕਿ ਮੈਂ ਕੁਝ ਦਿਨ ਪਹਿਲਾਂ ਇਸੇ ਚੈਕਬੁਕ ਤੋਂ ਚੈਕ ਕੱਟੇ ਸਨ, ਜਿਹਨਾਂ ਨੂੰ ਲੈ ਕੇ ਕੋਈ ਪ੍ਰੇਸ਼ਾਨੀ ਨਹੀਂ ਆਈ ਸੀ। ਮੈਂ ਹੁਣ ਕੀ ਕਰਾਂ?

ਜਵਾਬ: ਜੇਕਰ ਚੈਕ ਬਿਨਾਂ ਕਿਸੇ ਕਾਰਨ ਦੇ ਵਾਪਸ ਹੋ ਗਿਆ ਹੈ ਅਤੇ ਤੁਹਾਨੂੰ ਨੁਕਸਾਨ ਹੋਇਆ ਹੈ ਤਾਂ ਤੁਸੀਂ ਬੈਂਕ ਲੋਕਪਾਲ ਨੂੰ ਲਿਖੋ, ਤੁਹਾਡੀ ਸ਼ਿਕਾਇਤ ਸੁਣੀ ਜਾਵੇਗੀ। ਸੇਵਾ ਵਿਚ ਕਮੀ ਦਾ ਮਾਮਲਾ ਤੁਸੀਂ ਕੰਜ਼ਿਊਮਰ ਕੋਰਟ ਵਿਚ ਵੀ ਲਿਜਾ ਸਕਦੇ ਹੋ। ਤੁਸੀਂ ਬੈਂਕ ਦੇ ਹੈਡ ਆਫਿਸ ਵਿਚ ਵੀ ਲਿਖਤੀ ਸ਼ਿਕਾਇਤ ਕਰ ਸਕਦੇ ਹੋ।

ਸਵਾਲ: ਮੇਰੇ ਨੇੜੇ ਬੈਂਕ ਦੀ ਇਕ ਬਰਾਂਚ ਹਫਤੇ ਵਿਚ ਦੋ ਦਿਨ ਬੰਦ ਰਹਿੰਦੀ ਹੈ। ਇਸ ਕਾਰਨ ਮੈਨੂੰ ਕਾਫੀ ਪ੍ਰੇਸ਼ਾਨੀ ਹੁੰਦੀ ਹੈ। ਬੈਂਕ ਮੈਨੇਜਰ ਕਹਿੰਦਾ ਹੈ ਕਿ ਇਹ ਮੈਨੇਜਮੈਂਟ 'ਤੇ ਨਿਰਭਰ ਹੈ ਕਿ ਬੈਂਕ ਕਦੋਂ ਖੁੱਲੇਗਾ, ਕਦੋਂ ਨਹੀਂ। ਮੈਨੂੰ ਕੀ ਕਰਨਾ ਚਾਹੀਦਾ ਹੈ?

ਜਵਾਬ: ਬੈਂਕ ਮੈਨੇਜਮੈਂਟ ਨਹੀਂ ਰਿਜ਼ਰਵ ਬੈਂਕ ਦੇ ਨਿਯਮਾਂ ਮੁਤਾਬਕ ਚੱਲਦੇ ਹਨ। ਹਫਤੇ ਵਿਚ ਦੋ ਦਿਨ ਬੰਦ ਰੱਖੇ ਜਾਣ ਦੀ ਸ਼ਿਕਾਇਤ ਤੁਸੀਂ ਬੈਂਕਿੰਗ ਲੋਕਪਾਲ ਨੂੰ ਕਰ ਸਕਦੇ ਹੋ।

ਸਵਾਲ: ਮੇਰੇ ਅਕਾਊਂਟ ਤੋਂ ਨੈਟ ਬੈਂਕਿੰਗ ਦੇ ਜ਼ਰੀਏ 1 ਲੱਖ 83 ਹਜ਼ਾਰ 645 ਰੁਪਏ ਕਿਸੇ ਅਣਜਾਣ ਵਿਅਕਤੀ ਨੇ ਕਢਵਾ ਲਏ। ਇਹਨਾਂ ਤੋਂ ਜਿੱਥੇ-ਜਿੱਥੇ ਪੇਮੈਂਟ ਹੋਈ, ਉਸਦੀ ਜਾਣਕਾਰੀ ਮੇਰੇ ਕੋਲ ਹੈ। ਜਦੋਂ ਮੈਂ ਆਪਣੀ ਬਰਾਂਚ ਜਾ ਕੇ ਇਸ ਫਰਾਡ ਬਾਰੇ ਕਾਰਵਾਈ ਕਰਨ ਲਈ ਕਿਹਾ ਤਾਂ ਅਧਿਕਾਰੀਆਂ ਨੇ ਕੋਈ ਦਿਲਚਸਪੀ ਨਾ ਲਈ।

ਮੈਂ ਇਸ ਬਾਰੇ ਪੁਲਿਸ ਕੋਲ ਸ਼ਿਕਾਇਤ ਕੀਤੀ ਹੈ ਪਰ ਹੁਣ ਤੱਕ ਕੁਝ ਹਾਸਲ ਨਹੀਂ ਹੋਇਆ। ਮੈਂ ਪਿਛਲੇ 2 ਸਾਲ ਤੋਂ ਆਪਣੇ ਕੇਸ ਨੂੰ ਲੈ ਕੇ ਭਟਕ ਰਿਹਾ ਹਾਂ, ਪਰ ਕੁਝ ਫਾਇਦਾ ਨਹੀਂ ਹੋਇਆ।

ਜਵਾਬ: ਨੈਟ ਬੈਂਕਿੰਗ ਤੋਂ ਕੋਈ ਵੀ ਟਰਾਂਜੈਕਸ਼ਨ ਬਿਨਾਂ ਵਨ ਟਾਈਮ ਪਾਸਵਰਡ ਦੇ ਨਹੀਂ ਹੋ ਸਕਦੀ ਅਤੇ ਵਨ ਟਾਈਮ ਪਾਸਵਰਡ ਤੁਹਾਡੇ ਬੈਂਕ ਵਿਚ ਰਜਿਸਟਰਡ ਫੋਨ ਨੰਬਰ ਤੇ ਵੀ ਭੇਜਿਆ ਜਾਂਦਾ ਹੈ। ਇਕ ਸੰਭਾਵਨਾ ਇਹ ਹੋ ਸਕਦੀ ਹੈ ਕਿ ਕੋਈ ਤੁਹਾਡੇ ਤੋਂ ਬੈਂਕ ਅਫਸਰ ਬਣ ਕੇ ਤੁਹਾਡਾ ਪਾਸਵਰਡ ਜਾਣ ਲਵੇ ਜਾਂ ਕੋਈ ਵਾਕਫਕਾਰ ਤੁਹਾਡੇ ਪਾਸਵਰਡ ਦਾ ਇਸਤੇਮਾਲ ਕਰ ਲਵੇ। ਅਜਿਹੇ ਮਾਮਲੇ ਵਿਚ ਬੈਂਕ ਵਿਚ ਕੀ ਕੱਢਣਾ ਮੁਸ਼ਕਿਲ ਹੈ। ਕੇਸ ਨੂੰ ਪੁਲਿਸ ਦੇ ਜ਼ਰੀਏ ਹੀ ਅੱਗੇ ਵਧਾਓ।

ਮੇਰੇ ਅਕਾਊਂਟ ਤੋਂ ਕਿਸੇ ਨੇ 25 ਹਜ਼ਾਰ ਕਢਵਾ ਲਏ। ਮੇਰਾ ਏ. ਟੀ. ਐਮ. ਕਾਰਡ ਹੁਣ ਵੀ ਮੇਰੇ ਕੋਲ ਹੈ ਅਤ ਪਾਸਵਰਡ ਵੀ ਸਿਰਫ ਮੈਨੂੰ ਪਤਾ ਹੈ। ਇਸਦੀ ਸ਼ਿਕਾਇਤ ਮੈਂ ਬੈਂਕ ਅਤੇ ਪੁਲਿਸ ਨੂੰ ਕੀਤੀ ਹੈ। ਕੀ ਮੇਰੇ ਪੈਸੇ ਵਾਪਸ ਮਿਲਣਗੇ?

ਜੇਕਰ ਤੁਹਾਡਾ ਏ. ਟੀ. ਐਮ. ਕਾਰਡ ਤੁਹਾਡੇ ਕੋਲ ਹੈ ਤਾਂ ਕਾਰਡ ਨੂੰ ਕਲੋਨਿੰਗ ਦਾ ਸ਼ੰਕਾ ਹੈ। ਤੁਸੀਂ ਬੈਂਕ ਤੋਂ ਉਸ ਏ. ਟੀ. ਐਮ. ਵਿਚ ਲੱਗੇ ਸੀ. ਸੀ. ਟੀ. ਵੀ. ਕੈਮਰੇ ਦੀ ਫੁਟੇਜ ਮੰਗ ਸਕਦੇ ਹੋ। ਇਹ ਤੁਹਾਡਾ ਅਧਿਕਾਰ ਹੈ।

ਉਸਦੀ ਮਦਦ ਨਾਲ ਵਿਅਕਤੀ ਨੂੰ ਪਕੜਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਤੁਸੀਂ ਬੈਂਕ ਦੀ ਸੇਵਾ ਵਿਚ ਕਮੀ ਲਈ ਕੰਜ਼ਿਊਮਰ ਕੋਰਟ ਜਾ ਸਕਦੇ ਹੋ। ਕਿਉਂਕਿ ਇਹ ਸਿਰਫ ਕਿਸੇ ਨੂੰ ਪਾਸਵਰਡ ਦੱਸਣ ਦੀ ਗੱਲ ਨਹੀਂ।

ਕਾਰਡ ਤੁਹਾਡੇ ਕੋਲ ਹੈ ਅਤੇ ਪੈਸੇ ਦੂਜੇ ਸ਼ਹਿਰ ਤੋਂ ਨਿਕਲਿਆ ਹੈ। ਬੈਂਕ ਨੂੰ ਪਤਾ ਲਗਾਉਣਾ ਚਾਹੀਦਾ ਹੈ ਕਿ ਡੁਪਲੀਕੇਟ ਕਾਰਡ ਕਿੱਥੇ ਬਣ ਰਹੇ ਹਨ। ਤੁਹਾਡਾ ਪੈਸਾ ਕੱਢੇ ਜਾਣ ਦੀ ਜ਼ਿੰਮੇਵਾਰੀ ਬੈਂਕ ਤੇ ਹੈ। ਤੁਸੀਂ ਏ. ਟੀ. ਐਮ. ਤੋਂ ਪੈਸਾ ਕਢਵਾਏ ਜਾਣ ਵਕਤ ਉਥੇ ਨਾ ਹੋਣ ਦਾ ਸਬੂਤ ਦੇ ਸਕਦੇ ਹੋ। ਜੇਕਰ ਤੁਸੀਂ ਇਹ ਸਾਬਤ ਕਰ ਦਿੱਤਾ ਤਾਂ ਤੁਹਾਡੇ ਕੋਲ ਕੋਰਡ ਹੁੰਦੇ ਹੋਏ ਕਿਤੇ ਹੋਰ ਜਗ੍ਹਾ ਤੋਂ ਪੈਸਾ ਕਢਵਾਇਆ ਗਿਆ ਤਾਂ ਬੈਂਕ ਵਾਪਸ ਕਰੇਗਾ।

ਪੰਜਾਬ ਦੇ ਬਦਲ ਰਹੇ ਸਿਆਸੀ ਸਮੀਕਰਨਾਂ ਦੀ ਅਸਲੀਅਤ

- ਬਲਕਾਰ ਸਿੰਘ (ਪ੍ਰੋ.)

ਪੰਜਾਬ ਦੀ ਸਿਆਸਤ ਵਿੱਚ ਕੇਜਰੀਵਾਲ ਵਰਤਾਰੇ ਨਾਲ ਬਹੁਤ ਕੁਝ ਨਵਾਂ ਵਾਪਰਦਾ ਲੱਗ ਰਿਹਾ ਹੈ ਅਤੇ ਨਵੀਂ ਕਿਸਮ ਦੇ ਸਿਆਸੀ ਭੇੜ ਦੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ। ਆਮ ਬੰਦੇ ਵਾਸਤੇ ਬਣੀ ਇਸ ਖ਼ਾਸ ਪਾਰਟੀ ਨੇ ਜਿਸ ਤਰ੍ਹਾਂ ਦਾ ਸਿਆਸੀ ਭੂਚਾਲ ਦਿੱਲੀ ਵਿੱਚ ਲਿਆਂਦਾ ਸੀ, ਉਸੇ ਤਰ੍ਹਾਂ ਦੇ ਸਿਆਸੀ ਭੂਚਾਲ ਦੀ ਆਸ ਦੇ ਆਲੇ-ਦੁਆਲੇ ਪੰਜਾਬ ਦੀ ਸਿਆਸਤ ਘੁੰਮਣ ਲੱਗ ਪਈ ਹੈ। ਸਿਆਸੀ ਅਪ੍ਰਸੰਗਕਿਤਾ ਦੀ ਸ਼ਿਕਾਰ ਸਿਆਸੀ ਚੇਤਨਾ ਨੂੰ ਪੰਜਾਬ ਵਿੱਚ ਸਿਆਸੀ ਬਦਲਾਅ ਦੀਆਂ ਸੰਭਾਵਨਾਵਾਂ ਦੇ ਹੱਕ ਵਿੱਚ ਲੋਕ ਲਹਿਰ ਨਜ਼ਰ ਆਉਣ ਲੱਗ ਪਈ ਹੈ। ਪਿੱਛਲੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ 'ਆਪ' ਨੂੰ ਮਿਲੀਆਂ ਚਾਰ ਸੀਟਾਂ ਨੂੰ ਹੂੰਝਾਫੇਰ ਜਿੱਤ ਵਾਂਗ ਪੇਸ਼ ਕਰਕੇ ਅਤੇ ਦਿੱਲੀ ਵਾਲੀ ਜਿੱਤ ਨੂੰ ਪੰਜਾਬ ਦੀਆਂ ਚੋਣਾਂ ਜਿੱਤਣ ਦਾ ਆਧਾਰ ਬਣਾਇਆ ਜਾ ਰਿਹਾ ਹੈ।

ਦੇਸ਼ ਦਾ ਸਿਆਸੀ ਮਾਹੌਲ ਜਿਸ ਤਰ੍ਹਾਂ ਸਿਧਾਂਤਕਤਾ ਦੀ ਥਾਂ ਜਜ਼ਬਾਤੀ ਸ਼ੋਸ਼ਣ ਵਾਲੀ ਸਿਆਸਤ ਨਾਲ ਜੁੜਦਾ ਜਾ ਰਿਹਾ ਹੈ, ਉਸ ਨਾਲ ਕਿਸੇ ਵੀ ਸਿਆਸੀ ਪਾਰਟੀ ਵਾਸਤੇ ਕੁਝ ਵੀ ਸੌਖਾ ਨਹੀਂ ਰਿਹਾ। ਸਿਆਸਤਦਾਨਾਂ ਦੀਆਂ ਦਾਅਵੇਦਾਰੀਆਂ ਦੀ ਅਕਸਰ ਕੋਈ ਅਹਿਮੀਅਤ ਨਹੀਂ ਹੁੰਦੀ ਕਿਉਂਕਿ ਥੋਕ ਵਿੱਚ ਜਮਾਨਤਾਂ ਜਬਤ ਕਰਾਉਣ ਵਾਲੀਆਂ ਪਾਰਟੀਆਂ ਦੇ ਲੀਡਰ ਸਾਰੀਆਂ ਸੀਟਾਂ ਲੜਣ ਅਤੇ ਸਰਕਾਰ ਬਣਾਉਣ ਦੀਆਂ ਦਾਅਵੇਦਾਰੀਆਂ ਕਰਦੇ ਰਹਿੰਦੇ ਹਨ। ਪੰਜਾਬ ਦਾ ਸਿਆਸੀ ਅਖਾੜਾ ਕਦੇ ਵੀ ਕੌਮੀ ਸਿਆਸੀ ਅਖਾੜੇ ਵਰਗਾ ਨਹੀਂ ਰਿਹਾ ਕਿਉਂਕਿ ਪੰਜਾਬ ਦੀ ਸਿਆਸਤ ਵਿੱਚ ਦਿੱਲੀ ਵਿਰੋਧੀ ਜਜ਼ਬਾ ਸਦਾ ਹੀ ਭਾਰੂ ਰਿਹਾ ਹੈ। ਅਕਾਲੀਆਂ ਦਾ ਦਿੱਲੀ ਵਿਰੋਧੀ ਸਿਆਸੀ ਪੈਂਤੜਾ ਅਕਾਲੀ ਵੋਟ ਬੈਂਕ ਨੂੰ ਲਗਾਤਾਰ ਪੱਕਿਆਂ ਕਰਦਾ ਰਿਹਾ ਹੈ। ਇਸ ਵੇਲੇ ਅਕਾਲੀਆਂ ਲਈ ਇਹੋ ਪੈਂਤੜਾ ਸਮੱਸਿਆ ਹੋ ਗਿਆ ਹੈ ਕਿਉਂਕਿ ਕਾਂਗਰਸ ਵਾਲੀ ਦਿੱਲੀ ਅਤੇ ਭਾਜਪਾ ਵਾਲੀ ਦਿੱਲੀ ਵਿੱਚ ਬਹੁਤਾ ਫ਼ਰਕ ਨਾ ਹੋਣ ਦੇ ਬਾਵਜੂਦ ਅਕਾਲੀਆਂ ਨੂੰ ਪਹਿਲੀ ਵਾਰ ਦਿੱਲੀ ਦੇ ਹੱਕ ਵਿੱਚ ਭੁਗਤਣਾ ਪੈ ਰਿਹਾ ਹੈ। ਇਸ ਨਾਲ ਪੈਦਾ ਹੋ ਗਏ ਸਿਆਸੀ ਖਲਾਅ ਵਿੱਚ 'ਆਪ' ਟਿਕਦੀ ਨਜ਼ਰ ਆਉਣ ਲੱਗ ਪਈ ਹੈ। ਇਸ ਨੇ ਸੂਬੇ ਦੀਆਂ ਰਵਾਇਤੀ ਵੱਡੀਆਂ ਸਿਆਸੀ ਪਾਰਟੀਆਂ ਨੂੰ ਫ਼ਿਕਰਮੰਦ ਕਰ ਦਿੱਤਾ ਹੈ। ਫ਼ਿਕਰਮੰਦੀ, ਸਿਆਸੀ ਪ੍ਰਸੰਗ ਵਿੱਚ ਹੁੰਦੀ ਹੀ ਕੁਝ ਗੁਆਉਣ ਦੀ ਸਿਆਸਤ ਹੈ। 'ਆਪ' ਕੋਲ ਗੁਆਉਣ ਵਾਸਤੇ ਕੁਝ ਨਹੀਂ ਅਤੇ ਇਸੇ ਦਾ ਹੀ ਉਹ ਲਾਹਾ ਲੈ ਰਹੇ ਹਨ। ਕੇਜਰੀਵਾਲ ਵਰਤਾਰਾ ਇਸ ਕਰਕੇ ਅਹਿਮ ਹੋ ਗਿਆ ਹੈ ਕਿਉਂਕਿ ਸਿਆਸਤਦਾਨਾਂ ਦੀ ਸਿਆਸੀ ਸ਼ਾਖ ਨੂੰ ਲੱਗੇ ਖੋਰੇ ਦੇ ਵਿਰੋਧ ਨੂੰ ਦਿੱਲੀ ਦੀਆਂ ਚੋਣਾਂ ਵਿੱਚ ਸਫਲਤਾ ਸਹਿਤ ਵਰਤਿਆ ਜਾ ਚੁੱਕਾ ਹੈ। ਸਵਾਲ ਵੋਟ ਬੈਂਕ ਦੀ ਚੇਤਨਾ ਦਾ ਨਹੀਂ ਬਲਕਿ ਸਿਆਸੀ ਉਬਾਲ ਦਾ ਲਾਹਾ ਲੈ ਰਹੀ ਲੀਡਰਸ਼ਿਪ ਦਾ ਹੈ। ਕੇਜਰੀਵਾਲ ਦੀ ਦਿੱਲੀ ਵਾਲੀ ਪ੍ਰਾਪਤੀ 'ਆਪ' ਦਾ ਗਾਂਧੀ ਹੋ ਜਾਣ ਵਰਗੀ ਸੀ ਪਰ ਪੰਜਾਬ ਦੀ ਪ੍ਰਾਪਤੀ ਉਹ ਪੰਜਾਬ ਦਾ ਕੀ ਹੋ ਕੇ ਕਰਨਾ ਚਾਹੁੰਦਾ ਹੈ, ਇਸ ਦਾ ਫ਼ੈਸਲਾ ਅਜੇ ਹੋਣਾ ਹੈ।

ਸਿਆਸਤ ਦੀ ਸੁਰ ਸਥਾਪਤੀ ਵਿੱਚ ਸੱਭਿਆਚਾਰ ਦਾ ਅਹਿਮ ਰੋਲ ਹੁੰਦਾ ਹੈ। ਇਹ ਮਹਾਤਮਾ ਗਾਂਧੀ ਨਾਲ ਸ਼ੁਰੂ ਹੋਇਆ ਸੀ ਅਤੇ ਮੋਦੀ ਨਾਲ ਸਿਖਰ 'ਤੇ ਪਹੁੰਚ ਗਿਆ ਹੈ। ਪੰਜਾਬ ਨੇ ਨਾ ਕਦੇ ਮਹਾਤਮਾ ਗਾਂਧੀ ਦੀ ਸਿਆਸਤ ਨੂੰ ਸਵੀਕਾਰਿਆ ਸੀ ਅਤੇ ਨਾ ਮੋਦੀ ਦੀ ਸਿਆਸਤ ਨੂੰ ਸਵੀਕਾਰਿਆ ਹੈ। ਕੇਜਰੀਵਾਲ ਦੀ ਦਿੱਲੀ ਜਿੱਤਣ ਦੀ ਖਲਿਲ ਸਿਆਸਤ, ਪੰਜਾਬ ਵਿੱਚ ਚੱਲਣੀ ਮੁਸ਼ਕਲ ਹੈ ਕਿਉਂਕਿ ਪੰਜਾਬ ਵਿੱਚ ਇਹ ਸਿਆਸਤ ਵਾਰ ਵਾਰ ਫੇਲ੍ਹ ਹੋ ਚੁੱਕੀ ਹੈ। ਅਕਾਲੀਆਂ ਦੀ ਅਗਵਾਈ ਵਿੱਚ ਸੱਭਿਆਚਾਰ 'ਤੇ ਆਧਾਰਿਤ ਸਿਆਸਤ ਦੀ ਸਿਖਰ ਬਾਦਲ ਸਾਹਿਬ ਹੋ ਗਏ ਹਨ ਅਤੇ ਇਸ ਦਾ ਬਦਲ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਕੈਪਟਨ ਸਾਹਿਬ ਸਨ ਅਤੇ ਹੁਣ ਵੀ ਉਹੀ ਦਾਅਵੇਦਾਰ ਹਨ। ਕੈਪਟਨ ਸਾਹਿਬ ਨੂੰ ਕਾਂਗਰਸੀ ਸ਼ਿਕੰਜੇ ਵਿੱਚ ਕਸਣ ਦੀ ਸਿਆਸਤ ਨੇ ਪਿਛਲੀ ਵਾਰ ਵੀ ਨੁਕਸਾਨ ਪਹੁੰਚਾਇਆ ਸੀ ਅਤੇ ਹੁਣ ਵੀ ਨੁਕਸਾਨ ਪਹੁੰਚ ਸਕਦਾ ਹੈ। ਕੇਜਰੀਵਾਲ ਦੀ ਅਗਵਾਈ ਵਿੱਚ ਤੀਜੀ ਸਿਆਸੀ ਧਿਰ ਦੇ ਦਾਖ਼ਲ ਹੋ ਜਾਣ ਨਾਲ ਜਿਹੋ ਜਿਹਾ ਸਿਆਸੀ ਵਰਤਾਰਾ ਪੈਦਾ ਹੋ ਗਿਆ ਹੈ, ਇਨ੍ਹਾਂ ਤਿੰਨਾਂ ਵਿੱਚੋਂ ਕਿਸੇ ਇੱਕ ਨੇ ਬਾਕੀ ਦੋਹਾਂ ਵਿੱਚੋਂ ਕਿਸੇ ਇੱਕ ਨੂੰ ਜਿਤਾਉਣ ਦੀ ਭੂਮਿਕਾ ਨਿਭਾਉਣੀ ਹੈ।

ਬੇਸ਼ੱਕ ਆਮ ਪੰਜਾਬੀ ਵੋਟਰ ਦੀ ਮਾਨਸਿਕਤਾ ਦਾ ਝੁਕਾਅ ਤੁਰੰਤ ਤਾਂ 'ਆਪ' ਵੱਲ ਲਗਦਾ ਹੈ, ਪਰ ਇਸ ਝੁਕਾਅ ਨੇ ਅਜੇ ਕਈ ਰੰਗ ਬਦਲਣੇ ਹਨ। ਅਕਾਲੀ ਭਾਜਪਾ, ਕਾਂਗਰਸ ਅਤੇ ਆਪ ਤਿੰਨੇ ਹੀ ਕ੍ਰਮਵਾਰ ਮੋਦੀ, ਰਾਹੁਲ ਅਤੇ ਕੇਜਰੀਵਾਲ ਦੀ ਕੇਂਦਰੀਕਰਨ ਵਾਲੀ ਦੀ ਸਿਆਸਤ ਦਾ ਸ਼ਿਕਾਰ ਹਨ। ਚੇਤੰਨ ਵੋਟਰ ਦਾ ਮੋਹ ਭੰਗ ਜਿੰਨਾ ਕਾਂਗਰਸ ਨੇ ਦਹਾਕਿਆਂ ਵਿੱਚ ਕੀਤਾ ਸੀ, ਉਹੋ ਜਿਹੇ ਮੋਹ ਭੰਗ ਵੱਲ ਭਾਜਪਾ ਬਹੁਤ ਤੇਜ਼ੀ ਨਾਲ ਵਧ ਰਹੀ ਹੈ। 'ਆਪ' ਮੌਕਾ ਮਿਲੇ ਤੋਂ ਬਿਨਾ ਹੀ ਇਸ ਪਾਸੇ ਤੁਰੀ ਹੋਈ ਹੈ। ਨਤੀਜੇ ਵਜੋਂ ਸਿਆਸੀ ਲੀਡਰਸ਼ਿਪ ਦੀ ਸ਼ਾਖ ਦਿਨੋਂ-ਦਿਨ ਕਿਰਦੀ ਜਾ ਰਹੀ ਹੈ। ਹਰ ਲੀਡਰ ਦੀ ਉਂਗਲ ਦੂਜੇ ਵੱਲ ਉਠੀ ਹੋਈ ਹੈ। ਇਸ ਹਾਲਤ ਵਿੱਚ ਮੋਦੀ, ਰਾਹੁਲ ਅਤੇ ਕੇਜਰੀਵਾਲ ਦੇ ਨਾਮ 'ਤੇ ਪੰਜਾਬੀ ਵੋਟਰ ਨੇ ਭੁਗਤਣਾ ਹੈ ਜਾਂ ਨਹੀਂ ਪਰ ਇਸ ਨੇ ਨਤੀਜਿਆਂ ਨੂੰ ਪ੍ਰਭਾਵਿਤ ਜ਼ਰੂਰ ਕਰਨਾ ਹੈ। ਕਾਂਗਰਸ, ਖੇਤਰੀ ਲੀਡਰਸ਼ਿਪ ਨੂੰ ਲਗਾਤਾਰ ਮਧੋਲਦੀ ਰਹੀ ਹੈ ਅਤੇ ਮੋਦੀ ਸਾਹਿਬ ਦੀ ਅਗਵਾਈ ਵਿੱਚ ਭਾਜਪਾ ਵੀ ਉਸੇ ਰਾਹ ਪਈ ਹੋਈ ਹੈ। 'ਆਪ' ਨੂੰ ਦਿੱਲੀ ਤੋਂ ਪਿੱਛੋਂ ਪੰਜਾਬ ਵਿੱਚੋਂ ਜੋ ਹੁੰਗਾਰਾ ਮਿਲਿਆ ਉਸ ਨਾਲ ਪੰਜਾਬ ਦਾ ਕੋਈ ਖੇਤਰੀ ਲੀਡਰ ਸਾਹਮਣੇ ਨਹੀਂ ਆਇਆ, ਜਿਸ ਤਰ੍ਹਾਂ ਬਾਦਲ ਸਾਹਿਬ ਅਤੇ ਕੈਪਟਨ ਸਾਹਿਬ ਹਨ। ਛੋਟੇਪੁਰ ਦੀ ਅਗਵਾਈ ਵਿੱਚ ਜਿਸ ਕਿਸਮ ਦੇ ਪਰਿਵਰਤਨ ਦਾ ਸਿਆਸੀ ਭਰਮ ਆਮ ਬੰਦੇ ਦੀ ਮਾਨਸਿਕਤਾ ਵਿੱਚ ਉਤਾਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਉਸ ਨੂੰ ਪੰਜਾਬ ਤੋਂ ਬਾਹਰਲੀ ਲੀਡਰਸ਼ਿਪ ਦੀਆਂ ਫਹੁੜੀਆਂ ਨਾਲ ਕਾਇਮ ਰੱਖਣਾ ਮੁਸ਼ਕਲ ਹੋ ਜਾਏਗਾ? 'ਆਪ' ਦਾ ਉਹ ਕੁਦਰਤੀ ਉਭਾਰ ਜੋ ਪਾਰਲੀਮੈਂਟ ਦੀਆਂ ਚੋਣਾਂ ਵੇਲੇ ਸਾਹਮਣੇ ਆਇਆ ਸੀ, ਨੂੰ ਅਕਾਲੀ ਵਿਰੋਧ ਜਾਂ

(ਬਾਕੀ ਸਫਾ 10 ਤੇ)

ਕਾਂਗਰਸ ਤੇ ਆਮ ਆਦਮੀ ਪਾਰਟੀ ਦਾ ਵਿਹਾਰ ਪੰਜਾਬ ਦੇ ਲੋਕਾਂ ਦਾ ਮੂਡ ਵਿਗਾੜ ਵੀ ਸਕਦੈ

-ਜਤਿੰਦਰ ਪਨੂੰ

ਇਹ ਸਵਾਲ ਸੁਣਦਿਆਂ ਹੁਣ ਕੰਨ ਪੱਕਣ ਵਾਲੇ ਹਨ ਕਿ ਅਗਲੀਆਂ ਚੋਣਾਂ ਵਿੱਚ ਪੰਜਾਬ ਵਿੱਚ ਕਿਸ ਪਾਰਟੀ ਦੀ ਸਰਕਾਰ ਬਣੇਗੀ? ਜਦੋਂ ਪਾਰਲੀਮੈਂਟ ਚੋਣਾਂ ਹੋਣੀਆਂ ਸਨ, ਓਦੋਂ ਇਹੋ ਜਿਹਾ ਕੋਈ ਸਵਾਲ ਨਹੀਂ ਸੀ ਪੁੱਛਿਆ ਜਾ ਰਿਹਾ ਕਿ ਕਿਸ ਦੀਆਂ ਕਿੰਨੀਆਂ ਕੁ ਸੀਟਾਂ ਆਉਣਗੀਆਂ, ਪਰ ਚੋਣਾਂ ਵਿੱਚ ਇੱਕ ਹਫਤਾ ਰਹਿੰਦਿਆਂ ਜਦੋਂ ਪੰਜਾਬ ਦਾ ਚੋਣ ਦ੍ਰਿਸ਼ ਸਾਫ ਹੋਣ ਲੱਗ ਪਿਆ, ਓਦੋਂ ਆਮ ਆਦਮੀ ਪਾਰਟੀ ਬਾਰੇ ਏਦਾਂ ਦਾ ਸਵਾਲ ਬਹੁਤ ਲੋਕ ਪੁੱਛਣ ਲੱਗ ਪਏ ਕਿ ਇਹ ਕਿੰਨੀਆਂ ਕੁ ਸੀਟਾਂ ਲੈ ਜਾਵੇਗੀ? ਅਸੀਂ ਓਦੋਂ ਸਾਰਿਆਂ ਨੂੰ ਇਹ ਕਹਿੰਦੇ ਸਾਂ ਕਿ ਲੋਕਾਂ ਨੇ ਆਗੂ ਦਾ ਫੈਸਲਾ ਕਰਨਾ ਹੈ, ਜਿਹੜਾ ਉਹ ਕਰ ਦੇਣਗੇ, ਵੇਖ ਲਵਾਂਗੇ, ਪਰ ਕਈ ਬੇਸਬਰੇ ਲੋਕ ਇਸ ਨਾਲ ਚੁੱਪ ਨਹੀਂ ਸੀ ਹੋ ਸਕਦੇ ਤੇ ਕਿਆਫਿਆਂ ਦਾ ਬਾਜ਼ਾਰ ਚੱਲਦਾ ਰਿਹਾ ਸੀ। ਉਸ ਤੋਂ ਪਹਿਲਾਂ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਹੋਈ ਪੰਜਾਬ ਪੀਪਲਜ਼ ਪਾਰਟੀ ਦੀ ਚੜ੍ਹਤ ਤੇ ਫਿਰ ਨਤੀਜੇ ਵਜੋਂ ਉਸ ਦੀ ਕੋਈ ਸੀਟ ਵੀ ਨਾ ਆਉਣ ਦਾ ਇਤਿਹਾਸ ਯਾਦ ਰੱਖ ਕੇ ਚੱਲੀਏ ਤਾਂ ਏਦਾਂ ਦੇ ਅੰਦਾਜ਼ਿਆਂ ਦੀ ਲੋੜ ਨਹੀਂ ਰਹਿੰਦੀ, ਪਰ ਬੇਸਬਰੀ ਦਾ ਕੋਈ ਬੰਨਾ ਨਹੀਂ ਹੁੰਦਾ। ਬੇਸਬਰੇ ਸੁਭਾਅ ਵਾਲੇ ਲੋਕ ਹੁਣ ਅਗਲੀ ਅਸੈਂਬਲੀ ਚੋਣ ਬਾਰੇ ਅੰਦਾਜ਼ਿਆਂ ਵਿੱਚ ਰੁੱਝ ਗਏ ਹਨ। ਇਹ ਬੇਲੋੜੀ ਕਸਰਤ ਹੈ।

ਬੇਲੋੜੀ ਕਸਰਤ ਅਸੀਂ ਇਸ ਲਈ ਕਹਿ ਸਕਦੇ ਹਾਂ ਕਿ ਜਿਹੜੀ ਚੋਣ ਦੀ ਗੱਲ ਲੋਕ ਕਰਦੇ ਅਤੇ ਪੁੱਛਦੇ ਹਨ, ਉਸ ਦਾ ਸਮਾਂ ਹਾਲੇ ਇੱਕ ਸਾਲ ਦੂਰ ਹੈ। ਅਗੇਤੀ ਚੋਣ ਦਾ ਜੂਆ ਖੇਡਿਆ ਜਾ ਸਕਦਾ ਹੈ, ਪਰ ਇਹ ਜ਼ਰੂਰੀ ਨਹੀਂ ਕਿ ਇਸੇ ਤਰ੍ਹਾਂ ਕੀਤਾ ਜਾਵੇ। ਕੋਈ ਮੰਨ ਵੀ ਲਵੇ ਕਿ ਚੋਣ ਅਗੇਤੀ ਹੋਣੀ ਹੈ ਤਾਂ ਉਸ ਨੂੰ ਇਸ ਗੱਲ ਦਾ ਖਿਆਲ ਫਿਰ ਵੀ ਰੱਖਣ ਦੀ ਲੋੜ ਪਵੇਗੀ ਕਿ ਰਾਜਸੀ ਹਾਲਾਤ ਪਲ-ਪਲ ਬਦਲਦੇ ਹਨ। ਰਾਜਨੀਤੀ ਕੋਈ ਝੀਲ ਵਿੱਚ ਖੜਾ ਪਾਣੀ ਤਾਂ ਨਹੀਂ, ਇਸ ਵਿੱਚ ਹਰ ਨਵੇਂ ਦਿਨ ਨਵੀਂ ਹਲਚਲ ਪੈਦਾ ਹੋ ਸਕਦੀ ਹੈ। ਇਹ ਹਲਚਲ ਇਸ ਹਫਤੇ ਵਿੱਚ ਵੀ ਹੋਈ ਹੈ ਤੇ ਹਾਲੇ ਤੱਕ ਹੋ ਰਹੀ ਹੈ। ਪਿਛਲਾ ਇੱਕ ਹਫਤਾ ਹੀ ਕਈ ਅਨੋਖੇ ਰੰਗ ਦਿਖਾ ਗਿਆ ਹੈ।

ਪੰਦਰਾਂ ਦਿਨ ਪਹਿਲਾਂ ਤੱਕ ਆਪਣੀ ਸਾਰੀ ਸਿਆਸੀ ਅਤੇ ਧਾਰਮਿਕ ਤਾਕਤ ਝੋਕਣ ਦੇ ਬਾਵਜੂਦ ਇਸ ਤਰ੍ਹਾਂ ਦਾ ਪ੍ਰਭਾਵ ਮਿਲਦਾ ਸੀ ਕਿ ਅਕਾਲੀ ਦਲ ਦਾ ਪਾਣੀ ਵਾਹਵਾ ਲੱਥ ਰਿਹਾ ਹੈ, ਪਰ ਇਸ ਹਫਤੇ ਵਿੱਚ ਉਨ੍ਹਾਂ ਦਾ ਵਿਰੋਧ ਕਰਦੀਆਂ ਧਿਰਾਂ ਦੇ ਕੁਚੱਜ ਨੇ ਹਾਲਾਤ ਦਾ ਪ੍ਰਭਾਵ ਹੋਰ ਦੇ ਦਿੱਤਾ ਹੈ। ਇਸ ਨਾਲ ਅਕਾਲੀ ਦਲ ਦੇ ਤਕੜੇ ਹੋਣ ਵਾਲੀ ਕੋਈ ਗੱਲ ਹੋਵੇ ਜਾਂ ਨਾ, ਜਿਨ੍ਹਾਂ ਨੇ ਅਕਾਲੀ ਦਲ ਦੇ ਖਿਲਾਫ ਮੋਰਚੇਬੰਦੀ ਕਰਨੀ ਹੈ, ਉਨ੍ਹਾਂ ਦੇ ਮੋਰਚੇ ਵਿੱਚੋਂ ਕਮਜ਼ੋਰੀ ਬੜੇ ਆਰਾਮ ਨਾਲ ਬਾਹਰ ਆਉਣ ਲੱਗ ਪਈ ਹੈ। ਨਾ ਇਸ ਕਮਜ਼ੋਰੀ ਨੂੰ ਕਾਂਗਰਸ ਪਾਰਟੀ ਲੁਕਾ ਸਕੀ ਹੈ ਤੇ ਨਾ ਹੀ ਆਮ ਆਦਮੀ ਪਾਰਟੀ ਦਾ ਅੰਦਰਲਾ ਹਾਲ ਲੁਕਿਆ ਰਿਹਾ ਹੈ। ਇਸ ਤੋਂ ਅਕਾਲੀ ਸੌਖਾ ਮਹਿਸੂਸ ਕਰਨ ਲੱਗੇ ਹਨ। ਇੱਕ ਮੌਕਾ ਪੰਜਾਬ ਵਿੱਚ ਉਹ ਵੀ ਸੀ ਕਿ ਮੁੱਖ ਮੰਤਰੀ ਹੁੰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਵਿੱਚ ਪਾਣੀਆਂ ਦੇ ਸਮਝੌਤੇ ਤੋੜਨ ਦਾ ਮਤਾ ਲਿਆਂਦਾ ਤੇ ਅਕਾਲੀ ਆਗੂ ਵਿਰੋਧ ਕਰਨ ਦੀ ਥਾਂ ਨਾਲ ਤੁਰੇ ਜਾਣ ਲਈ ਮਜਬੂਰ ਹੋ ਗਏ ਸਨ। ਅੱਜ ਇਸ ਤੋਂ ਉਲਟ ਇਹ ਮੌਕਾ ਹੈ ਕਿ ਅਕਾਲੀ ਆਗੂ ਪਾਣੀਆਂ ਦੇ ਸਵਾਲ ਉੱਤੇ ਅੱਗੇ ਹੁੰਦੇ ਹਨ ਤੇ ਕਾਂਗਰਸ ਪਾਰਟੀ ਉਨ੍ਹਾਂ ਦੇ ਮਗਰਲੇ ਹਾਲੀ ਵਾਂਗ ਤੁਰੇ ਜਾਣ ਲਈ ਮਜਬੂਰ ਦਿਖਾਈ ਦੇਂਦੀ ਹੈ। ਜਿਹੜਾ ਕੋਈ ਮਤਾ ਪੰਜਾਬ ਸਰਕਾਰ ਰੱਖਦੀ ਹੈ, ਕਾਂਗਰਸ ਉਸ ਦੇ ਪਿੱਛੇ ਖੜੋਤੀ ਦਿਸਦੀ ਹੈ। ਹਰਿਆਣੇ ਦੇ ਦਿੱਤੇ ਹੋਏ ਪੈਸੇ ਨਾਲ ਬਣਾਈ ਗਈ ਸਤਲੁਜ-ਜਮਨਾ ਨਹਿਰ ਨੂੰ ਖਤਮ ਕਰ ਕੇ ਉਸ ਦੇ ਲਈ ਅਕੁਆਇਰ ਕੀਤੀ ਜ਼ਮੀਨ ਕਿਸਾਨਾਂ ਨੂੰ ਦੇਣ ਦਾ ਮਤਾ ਅਕਾਲੀ ਦਲ ਨੇ ਪੇਸ਼ ਕੀਤਾ ਤੇ ਕਾਂਗਰਸੀ ਹਮਾਇਤ ਕਰਦੇ ਰਹੇ। ਅਕਾਲੀਆਂ ਨੇ ਕਿਸਾਨਾਂ ਨੂੰ ਜ਼ਮੀਨਾਂ ਸਾਂਭ ਲੈਣ ਦਾ ਇਸ਼ਾਰਾ ਕੀਤਾ ਤਾਂ ਕਾਂਗਰਸੀ ਉਨ੍ਹਾਂ ਤੋਂ ਅੱਗੇ-ਅੱਗੇ ਭੱਜਦੇ ਨਹਿਰ ਦੀ ਪਟੜੀ ਉੱਤੇ ਜਾ ਕੇ ਕੈਮਰੇ ਵਾਲਿਆਂ ਨੂੰ ਸ਼ਕਲਾਂ ਵਿਖਾਉਣ ਲੱਗ ਪਏ। ਕਿਸਾਨਾਂ ਦੇ ਸ਼ਾਹੂਕਾਰਾ ਕਰਜ਼ੇ ਦਾ ਮਸਲਾ ਨਿਬੇੜਨ ਦੇ ਲਈ ਅਸੈਂਬਲੀ ਵਿੱਚ ਬਿੱਲ ਅਕਾਲੀ ਦਲ ਨੇ ਪੇਸ਼ ਕੀਤਾ ਅਤੇ ਇਸ ਦੀ ਹਮਾਇਤ ਵਿੱਚ ਪੰਜਾਬ ਕਾਂਗਰਸ ਦਾ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਲੋਕਾਂ ਵਿੱਚ ਖੁੱਲ੍ਹ ਕੇ ਬੋਲਿਆ ਹੈ। ਉਸ ਦੀ ਆਪਣੀ ਮਜਬੂਰੀ ਸੀ। ਇਹ ਬਿੱਲ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਬਣਿਆ ਸੀ, ਉਹ ਪਾਸ ਵੀ ਕਰਨਾ ਚਾਹੁੰਦਾ ਸੀ, ਪਰ ਕਾਂਗਰਸ ਦੇ ਤਿੰਨ ਵਿਆਜਖੋਰ ਸ਼ਾਹੂਕਾਰਾ ਕਰਦੇ ਮੰਤਰੀ ਇਸ ਦੇ ਰਾਹ ਵਿੱਚ ਅੜਿੱਕਾ ਬਣ ਖੜੋਤੇ ਸਨ। ਹੁਣ ਉਹੋ ਬਿੱਲ ਪਾਸ ਕਰ ਕੇ ਅਕਾਲੀ ਸਿਹਰਾ ਲੈ ਗਏ ਹਨ।

ਕਾਂਗਰਸ ਪਾਰਟੀ ਨੇ ਆਪਣੇ ਅੰਦਰ ਦੀ ਖਿੱਚੋਤਾਣ ਵੀ ਹੁਣ ਫਿਰ ਜ਼ਾਹਰ ਕਰ ਦਿੱਤੀ ਹੈ। ਪਹਿਲਾਂ ਹੰਸ ਰਾਜ ਹੰਸ ਨਾਲ ਇਹ ਵਾਅਦਾ ਕਰ ਲਿਆ ਕਿ ਉਸ ਨੂੰ ਅਕਾਲੀ ਦਲ ਛੱਡ ਕੇ ਕਾਂਗਰਸ ਵਿੱਚ ਆਉਂਦੇ ਸਾਰ ਹੀ ਰਾਜ ਸਭਾ ਵਿੱਚ ਭੇਜ ਦਿੱਤਾ ਜਾਵੇਗਾ। ਉਸ ਨੂੰ ਟਿਕਟ ਦੀ ਹਾਂ ਕਰ ਕੇ ਫਿਰ ਕਾਟਾ ਮਾਰ ਦਿੱਤਾ ਗਿਆ। ਹੰਸ ਵਾਲੀ ਟਿਕਟ ਉਸ ਕਾਂਗਰਸੀ ਆਗੂ ਨੂੰ ਦਿੱਤੀ, ਜਿਸ ਦੀ ਹਾਲਤ ਵਿਧਾਨ ਸਭਾ ਚੋਣਾਂ ਵਿੱਚ ਉਸ ਦੇ ਪਰਵਾਰ ਨੇ ਹੀ ਹਾਸੋਹੀਣੀ ਕਰ ਛੱਡੀ ਸੀ। ਫਿਰ ਹੰਸ ਨੂੰ ਮਨਾਉਣ ਲਈ ਰਾਹੁਲ ਗਾਂਧੀ ਨਾਲ ਗੱਲ ਕਰ ਕੇ ਦਿੱਲੀ ਸਦਵਾਇਆ ਅਤੇ ਰਾਹੁਲ ਦੇ ਨਾਲ ਹੀ ਅਗਲੇ ਦਿਨ ਉਸ ਨੂੰ ਜਹਾਜ਼ ਰਾਹੀਂ ਅੰਮ੍ਰਿਤਸਰ ਭਿਜਵਾ ਕੇ ਗਲਤੀ ਉੱਤੇ ਪੋਚਾ ਮਾਰਨ ਦਾ ਕੰਮ ਕਰਦੇ ਰਹੇ। ਵਿਧਾਨ ਸਭਾ ਵਿੱਚ ਕਾਂਗਰਸ ਪਾਰਟੀ ਦਾ ਸਾਰਾ ਗਰੁੱਪ ਇਸ ਤਰ੍ਹਾਂ ਖਿਲਰ ਗਿਆ ਕਿ ਉਹ ਪਾਰਟੀ ਹੀ ਨਹੀਂ ਸੀ ਜਾਪ ਰਹੀ। ਜਿਸ ਬੰਦੇ ਨੂੰ ਵਿਰੋਧੀ ਧਿਰ ਦਾ ਆਗੂ ਬਣਾਇਆ ਸੀ, ਉਹ ਸਰਕਾਰ ਨਾਲ ਇਸ ਗੱਲ ਲਈ ਪੇਚਾ ਪਾ ਕੇ ਰੁੱਝਾ ਰਿਹਾ ਕਿ ਉਸ ਨੂੰ ਉਸ ਦੇ ਰੁਤਬੇ ਮੁਤਾਬਕ ਨਵੀਂ ਕਾਰ ਚਾਹੀਦੀ ਹੈ। ਅੰਦਰ ਅਸੈਂਬਲੀ ਵਿੱਚ ਉਹ ਹਰ ਗੱਲ ਵਿੱਚ ਹਾਕਮ ਧਿਰ ਦੇ ਮੈਂਬਰਾਂ ਸਾਹਮਣੇ ਕੱਚਾ ਸਾਬਤ ਹੁੰਦਾ ਰਿਹਾ। ਪਾਰਟੀ ਵੀ ਨਾਲ ਨਹੀਂ ਖੜੋਤੀ। ਇੱਕ ਦਿਨ ਜਦੋਂ ਉਸ ਨੇ ਕਿਸੇ ਗੱਲ ਤੋਂ ਵਾਕ-ਆਊਟ ਕੀਤਾ ਤਾਂ ਅੱਧੇ ਤੋਂ ਵੀ ਘੱਟ ਕਾਂਗਰਸੀ ਵਿਧਾਇਕ ਉਸ ਦੇ ਨਾਲ ਬਾਹਰ ਗਏ ਤੇ ਬਾਕੀਆਂ ਦਾ ਉਸ ਦੇ ਜਾਣ ਨਾਲ ਕਿਸੇ ਤਰ੍ਹਾਂ ਦਾ ਵਾਸਤਾ ਹੀ ਨਹੀਂ ਸੀ ਜਾਪਦਾ। ਅੰਦਰ ਬੈਠੇ ਕਾਂਗਰਸੀ ਵਿਧਾਇਕਾਂ ਵਿੱਚੋਂ ਬਹੁਤ ਸੀਨੀਅਰ ਇੱਕ ਆਗੂ ਤੇ ਸਾਬਕਾ ਮੰਤਰੀ ਉਸ ਮੌਕੇ ਵਿਰੋਧੀ ਧਿਰ ਦੇ ਬੈਂਚਾਂ ਤੋਂ ਉੱਠ ਕੇ ਹਾਕਮ ਧਿਰ ਵੱਲ ਸੁਖਬੀਰ ਸਿੰਘ ਬਾਦਲ ਨਾਲ ਗੱਲ ਕਰਨ ਜਾ ਬੈਠਾ। ਇਸ ਤੋਂ ਜ਼ਾਹਰ ਹੈ ਕਿ ਪਾਰਟੀ ਇੱਕਮੁੱਠ ਨਹੀਂ ਹੈ। ਪਾਰਟੀ ਵੱਲੋਂ ਕੇਂਦਰ ਤੋਂ ਪੰਜਾਬ ਦਾ ਇੰਚਾਰਜ ਉਹ ਆਗੂ ਬਣਾਇਆ ਪਿਆ ਹੈ, ਜਿਸ ਨੂੰ ਪੰਜਾਬ ਦੇ ਕਾਂਗਰਸੀ ਵਰਕਰ ਤੇ ਆਗੂ ਪਹਿਲਾਂ ਵਿਧਾਨ ਸਭਾ ਚੋਣਾਂ ਤੇ ਫਿਰ ਪਾਰਲੀਮੈਂਟ ਚੋਣਾਂ ਵਿੱਚ ਪਾਰਟੀ ਦੀ ਬੇੜੀ ਡੋਬਣ ਦਾ ਜ਼ਿੰਮੇਵਾਰ ਮੰਨਦੇ ਤੇ ਸਾਫ ਕਹਿੰਦੇ ਹਨ ਕਿ ਉਸ ਦੇ ਹੁੰਦਿਆਂ ਕਾਂਗਰਸ ਅੱਗੇ ਵਧ ਹੀ ਨਹੀਂ ਸਕਦੀ। ਇਸ ਤਰ੍ਹਾਂ ਦੇ ਹਾਲਾਤ ਵਿੱਚ ਜਿਹੋ ਜਿਹੀ ਜਿੱਤ ਦੇ ਸੁਫਨੇ ਕਾਂਗਰਸ ਆਗੂ ਲੈ ਰਹੇ ਸਨ, ਉਹ ਇਸ ਹਫਤੇ ਉਨ੍ਹਾਂ ਲਈ ਧੁੰਦਲੇ ਹੋ ਗਏ ਹੋ ਸਕਦੇ ਹਨ।

ਦੋਵਾਂ ਰਿਵਾਇਤੀ ਵਿਰੋਧੀ ਰਾਜਸੀ ਧਿਰਾਂ, ਅਕਾਲੀ ਦਲ ਅਤੇ ਕਾਂਗਰਸ ਦੇ ਮੁਕਾਬਲੇ ਦਾ ਨਵੀਂ ਰਾਜਨੀਤੀ ਦਾ ਸੱਭਿਆਚਾਰ ਪੇਸ਼ ਕਰਨ ਵਾਲੀ ਆਮ ਆਦਮੀ ਪਾਰਟੀ ਬਾਰੇ ਪਿਛਲੇ ਕਾਫੀ ਸਮੇਂ ਤੋਂ ਸੁਣਿਆ ਜਾ ਰਿਹਾ ਸੀ ਕਿ ਇਸ ਦਾ ਲੋਕਾਂ ਵਿੱਚ ਪ੍ਰਭਾਵ ਵਧ ਰਿਹਾ ਹੈ। ਪਿਛਲਾ ਹਫਤਾ ਇਸ ਪਾਰਟੀ ਲਈ ਚੰਗਾ ਸਾਬਤ ਨਹੀਂ ਹੋਇਆ। ਪਹਿਲਾਂ ਤਾਂ ਇਸ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਪੰਜਾਬ ਆਣ ਕੇ ਪੰਜਾਬ ਦੇ ਪਾਣੀਆਂ ਵਾਸਤੇ ਪੰਜਾਬੀਆਂ ਨਾਲ ਖੜੋਣ ਦਾ ਬਿਆਨ ਦੇਣਾ ਅਤੇ ਦਿੱਲੀ ਵਿੱਚ ਜਾਂਦੇ ਸਾਰ ਇਸ ਤੋਂ ਉਲਟ ਪ੍ਰਭਾਵ ਦੇਣਾ ਉਸ ਦੀ ਆਪਣੀ ਅਤੇ ਉਸ ਦੀ ਪਾਰਟੀ ਦੀ ਸਥਿਤੀ ਉੱਤੇ ਕਿੰਤੂ ਕਰਨ ਦਾ ਕਾਰਨ ਬਣਿਆ। ਫਿਰ ਉਸ ਪਾਰਟੀ ਵਿੱਚ ਇਸ ਹਫਤੇ ਦੌਰਾਨ ਨਵੇਂ ਆਏ ਕਈ ਲੋਕਾਂ ਬਾਰੇ ਚਰਚਾ ਚੱਲ ਪਈ ਕਿ ਇਨ੍ਹਾਂ ਦੇ ਹੁੰਦਿਆਂ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਅਕਾਲੀ ਦਲ ਅਤੇ ਕਾਂਗਰਸ ਤੋਂ ਵੱਖਰਾ ਸੱਭਿਆਚਾਰ ਪੇਸ਼ ਕਰਨ ਦਾ ਦਾਅਵਾ ਨਹੀਂ ਕਰ ਸਕਦੀ। ਕਈ-ਕਈ ਸਾਲ ਉਨ੍ਹਾਂ ਪਾਰਟੀਆਂ ਨਾਲ ਰਹਿ ਕੇ ਮਲਾਈ ਚੱਟਣ ਵਾਲੇ ਘਾਗ ਵੀ ਹੁਣ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਈ ਜਾ ਰਹੇ ਹਨ। ਵੱਖਰਾ ਸੱਭਿਆਚਾਰ ਪੇਸ਼ ਕਰਨਾ ਸੀ ਤਾਂ ਦਿੱਲੀ ਵਾਂਗ ਨਵੇਂ ਲੋਕਾਂ ਨੂੰ ਅੱਗੇ ਕਰਨਾ ਚਾਹੀਦਾ ਸੀ। ਪਾਰਲੀਮੈਂਟ ਚੋਣਾਂ ਵਿੱਚ ਵੀ ਜਿਨ੍ਹਾਂ ਥਾਂਵਾਂ ਤੋਂ ਨਵੇਂ ਲੋਕ ਅੱਗੇ ਕੀਤੇ ਗਏ ਸਨ, ਆਮ ਲੋਕਾਂ ਨੇ ਉਨ੍ਹਾਂ ਦਾ ਸਵਾਗਤ ਕੀਤਾ ਤੇ ਵੋਟਾਂ ਦਿੱਤੀਆਂ ਸਨ। ਇਸ ਪਾਰਟੀ ਨੂੰ ਹੁਣ ਵੀ ਪੁਰਾਣੇ ਚੱਲੇ ਹੋਏ ਕਾਰਤੂਸ ਜਾਂ ਕਬਾੜ ਦਾ ਮਾਲ ਇਕੱਠਾ ਕਰਨ ਦੀ ਲੋੜ ਨਹੀਂ ਸੀ।

ਜਿਹੜੀ ਗੱਲ ਇਸ ਤੋਂ ਵੀ ਵੱਧ ਇਸ ਪਾਰਟੀ ਲਈ ਮਾਰੂ ਹੈ, ਉਹ ਇਹ ਕਿ ਹੋਰ ਪਾਰਟੀਆਂ ਵਿੱਚ ਜਿੱਦਾਂ ਦਾ ਕੁਰਸੀ-ਯੁੱਧ ਚੱਲਦਾ ਵੇਖ ਕੇ ਲੋਕ ਹੱਸਿਆ ਕਰਦੇ ਸਨ, ਇਸ ਪਾਰਟੀ ਕੋਲ ਰਾਜ ਕਰਨ ਦਾ ਮੌਕਾ ਆਉਣ ਤੋਂ ਬਗੈਰ ਹੀ ਕੁਝ ਲੋਕ ਇਹੋ ਜਿਹਾ ਰੇੜਕਾ ਪਾਈ ਫਿਰਦੇ ਹਨ। ਜਿਸ ਆਗੂ ਬਾਰੇ ਇਹ ਆਮ ਚਰਚਾ ਹੈ ਕਿ ਉਹ ਸ਼ਰਾਬ ਪੀਣ ਲੱਗੇ ਤਾਂ ਪਾਰਟੀ ਜਲਸੇ ਵਿੱਚ ਜਾਣਾ ਭੁੱਲ ਜਾਂਦਾ ਹੈ, ਉਹ ਮੁੱਖ ਮੰਤਰੀ ਦੀ ਕੁਰਸੀ ਲਈ ਸਾਰਿਆਂ ਤੋਂ ਕਾਹਲਾ ਪਿਆ ਫਿਰਦਾ ਹੈ।

ਇਸ ਪਾਰਟੀ ਨਾਲ ਲੋਕਾਂ ਦੀ ਹਮਦਰਦੀ ਹੋ ਸਕਦੀ ਹੈ, ਪਰ ਜਿਵੇਂ ਕੁਰਸੀ-ਯੁੱਧ ਵਿੱਚ ਫਸੀ ਹੋਈ ਹੋਣ ਕਰ ਕੇ ਕਾਂਗਰਸ ਪਾਰਟੀ ਚਾਰ ਸਾਲ ਪਹਿਲਾਂ ਡੁੱਬ ਗਈ ਸੀ, ਇਹ ਲੋਕ ਉਹ ਗੱਲ ਵੀ ਯਾਦ ਨਹੀਂ ਰੱਖ ਸਕੇ। ਚਾਰ ਸਾਲ ਪਹਿਲਾਂ ਹੋਈ ਵਿਧਾਨ ਸਭਾ ਚੋਣ ਵਿੱਚ ਕਈ ਕਾਂਗਰਸੀ ਆਗੂਆਂ ਨੂੰ ਇਹ ਭਰਮ ਪੈ ਗਿਆ ਕਿ ਇਸ ਵਾਰ ਸਾਡੇ ਏਨੇ ਵਿਧਾਇਕ ਆ ਜਾਣੇ ਹਨ ਕਿ ਉਨ੍ਹਾਂ ਲਈ ਵਜ਼ੀਰੀਆਂ ਥੋੜ੍ਹੀਆਂ ਪੈ ਜਾਣੀਆਂ ਹਨ। ਇਸ ਭਰਮ ਕਾਰਨ ਉਨ੍ਹਾਂ ਨੇ ਆਖਰੀ ਦੋ ਦਿਨ ਆਪਣੇ ਬੰਦੇ ਜਿਤਾਉਣ ਦੀ ਥਾਂ ਆਪਣੇ ਵਿਰੋਧੀ ਧੜੇ ਦੇ ਉਮੀਦਵਾਰ ਹਰਾਉਣ ਦੇ ਲੇਖੇ ਲਾ ਦਿੱਤੇ ਅਤੇ ਨਤੀਜਾ ਇਹ ਨਿਕਲਿਆ ਸੀ ਕਿ ਦੋਵੇਂ ਧੜੇ ਕਾਸੇ ਜੋਗੇ ਨਹੀਂ ਸੀ ਰਹਿ ਗਏ। ਆਮ ਆਦਮੀ ਪਾਰਟੀ ਵਿੱਚ ਤੱਤੀ ਖੀਰ ਖਾਣ ਦੇ ਸੁਫਨੇ ਲੈਣ ਵਾਲੇ ਕਾਹਲਿਆਂ ਨੇ ਜਿਵੇਂ ਹੁਣੇ ਤੋਂ ਮੀਡੀਆ ਐਡਵਾਈਜ਼ਰ ਲਾਉਣ ਲਈ ਪੱਤਰਕਾਰਾਂ ਨੂੰ ਸੈਨਤਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਹਨ, ਇਸ ਤਮਾਸ਼ਬੀਨੀ ਨੂੰ ਵੇਖ ਕੇ ਹਾਸਾ ਆਉਂਦਾ ਹੈ।

ਕੇਜਰੀਵਾਲ ਬਹੁਤ 'ਮਹਾਨ' ਆਗੂ ਹੈ। ਇਹ ਗੱਲ ਕਿਸੇ ਹੋਰ ਨੇ ਨਹੀਂ, ਉਸ ਨੇ ਖੁਦ ਟਵੀਟ ਕਰਦਿਆਂ ਦੱਸੀ ਹੈ ਕਿ ਅਮਰੀਕਾ ਦੇ ਰਸਾਲੇ 'ਫਾਰਚਿਊਨ' ਨੇ ਉਸ ਨੂੰ ਇੱਕ 'ਮਹਾਨ' ਨੇਤਾ ਕਰਾਰ ਦਿੱਤਾ ਹੈ। ਪ੍ਰਧਾਨ ਮੰਤਰੀ ਮੋਦੀ ਤੋਂ ਬਾਅਦ ਸਭ ਤੋਂ ਵੱਧ ਫਾਲੋਅਰ ਉਸ ਦੇ ਟਵੀਟਰ ਉੱਤੇ ਹੋਣ ਕਾਰਨ ਵੀ ਕਈ ਲੋਕ ਕੇਜਰੀਵਾਲ ਨੂੰ 'ਮਹਾਨ' ਕਹਿ ਸਕਦੇ ਹਨ, ਪਰ ਮਹਾਨਤਾ ਦੇ ਇਹ ਸਰਟੀਫਿਕੇਟ ਕੰਮ ਨਹੀਂ ਆਉਣੇ। ਹਕੀਕਤਾਂ ਤੋਂ ਉਹ ਦੂਰ ਜਾਪਦਾ ਹੈ।

ਜਿਹੜੇ ਕਾਹਲੇ ਸੱਜਣ ਅਗੇਤੇ ਅੰਦਾਜ਼ਿਆਂ ਬਾਰੇ ਪੁੱਛਦੇ ਜਾਂ ਅੰਦਾਜ਼ੇ ਲਾਉਂਦੇ ਪਏ ਹਨ, ਬੀਤੇ ਇੱਕ ਹਫਤੇ ਦੇ ਘਟਨਾਵਾਂ ਦੇ ਵਹਿਣ ਤੋਂ ਉਨ੍ਹਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਹਾਲਾਤ ਪੈਰੋ-ਪੈਰ ਬਦਲਦੇ ਹਨ ਤੇ ਇਹ ਇੰਜ ਹੀ ਕਈ ਪਲਟੀਆਂ ਹੋਰ ਵੀ ਮਾਰ ਸਕਦੇ ਹਨ। ਜਦੋਂ ਤੱਕ ਚੋਣਾਂ ਲਈ ਤਰੀਕਾਂ ਤੇ ਚੋਣ-ਜ਼ਾਬਤੇ ਦਾ ਐਲਾਨ ਨਹੀਂ ਹੋ ਜਾਂਦਾ, ਉਸ ਵਕਤ ਤੱਕ ਬੇਸਬਰੇ ਹੋਣ ਦੀ ਥਾਂ ਉਡੀਕ ਲਿਆ ਜਾਵੇ ਤਾਂ ਵੱਧ ਠੀਕ ਰਹੇਗਾ।

ਪੰਜਾਬ ਦੇ ਪਿੰਡਾਂ ਵਿੱਚ ਛੋਟੇ ਬੱਚੇ ਇੱਕ ਖੇਡ ਖੇਡਿਆ ਕਰਦੇ ਹਨ, ਜਿਸ ਵਿੱਚ ਜਿੰਨੇ ਬੱਚੇ ਹੋਣ, ਦੋ ਗਰੁੱਪਾਂ ਵਿੱਚ ਵੰਡਣ ਪਿੱਛੋਂ ਇੱਕ ਗਰੁੱਪ ਵਾਲੇ ਬੱਚੇ ਦੂਸਰਿਆਂ ਦੇ ਕੰਧਾੜੇ ਚੜ੍ਹਦੇ ਹਨ ਤੇ ਕੰਧਾੜੇ ਚੁੱਕਣ ਵਾਲੇ ਬੱਚੇ ਤੁਰਦੇ ਹੋਏ ਘਰੋ-ਘਰੀ ਜਾਂਦੇ ਅਤੇ ਇਹ ਪੁੱਛਦੇ ਹਨ ਕਿ 'ਹੇਠਲਾ ਉੱਤੇ ਕਿ ਉਤਲਾ ਉੱਤੇ?'

ਬਹੁਤਾ ਕਰ ਕੇ ਹੇਠਾਂ ਵਾਲੇ ਦਾ ਸਾਹ ਸੌਖਾ ਕਰਨ ਲਈ ਉਸ ਘਰ ਵਾਲੇ ਕਹਿ ਦੇਂਦੇ 'ਹੇਠਲਾ ਉੱਤੇ' ਅਤੇ ਇਸ ਨਾਲ ਵਾਰੀ ਬਦਲ ਜਾਂਦੀ ਹੈ।

ਕਈ ਵਾਰੀ ਉਹ ਕਿਸੇ ਇਹੋ ਜਿਹੇ ਘਰ ਚਲੇ ਜਾਂਦੇ ਹਨ, ਜਿੱਥੇ ਖਿਝੇ ਹੋਇਆਂ ਦੇ ਮੂੰਹੋਂ 'ਉਤਲੇ ਉੱਤੇ' ਨਿਕਲ ਜਾਂਦਾ ਅਤੇ ਇਸ ਨਾਲ ਹੇਠਾਂ ਵਾਲੇ ਬੱਚਿਆਂ ਨੂੰ ਓਸੇ ਤਰ੍ਹਾਂ ਕੰਧਾੜੇ ਚੜ੍ਹੇ ਹੋਏ ਬੱਚਿਆਂ ਦਾ ਭਾਰ ਚੁੱਕ ਕੇ ਅਗਲੇ ਘਰ ਤੱਕ ਤੁਰੇ ਜਾਣਾ ਪੈ ਜਾਂਦਾ ਹੈ। ਪੰਜਾਬ ਵਿੱਚ ਵੀ ਇਸ ਤਰ੍ਹਾਂ ਹੋ ਸਕਦਾ ਹੈ। ਵਿਰੋਧ ਦੀਆਂ ਦੋਵਾਂ ਮੁੱਖ ਧਿਰਾਂ ਦਾ ਜਿਸ ਤਰ੍ਹਾਂ ਦਾ ਵਿਹਾਰ ਹੈ, ਪੰਜਾਬ ਦੇ ਲੋਕਾਂ ਦੇ ਮੂੰਹੋਂ ਕੁਝ ਵੀ ਨਿਕਲ ਸਕਦਾ ਹੈ, ਕੁਝ ਵੀ।

ਪੰਜਾਬੀ ਸਾਹਿਤ ਸਭਾ ਨਵਾਂਸ਼ਹਿਰ ਵੱਲੋਂ ਵਿਦੇਸ਼ੀ ਸਾਹਿਤਕਾਰਾਂ ਦਾ ਸਨਮਾਨ

ਸੈਨਹੋਜ਼ੇ (ਚਰਨਜੀਤ ਸਿੰਘ ਪੰਨੂ)- ਪਿਛਲੇ ਦਿਨੀਂ ਪੰਜਾਬੀ ਸਾਹਿਤ ਸਭਾ ਨਵਾਂਸ਼ਹਿਰ ਵੱਲੋਂ ਪੰਜਾਬ ਭਾਸ਼ਾ ਵਿਭਾਗ ਦੇ ਸਹਿਯੋਗ ਨਾਲ ਪਿੰਡ ਮੀਰਪੁਰ ਜੱਟਾਂ ਵਿਖੇ ਵਿਦੇਸ਼ੀ ਸਾਹਿਤਕਾਰਾਂ ਦੇ ਸਨਮਾਨ ਵਿਚ ਇਕ ਸਾਹਿਤਿਕ ਸੰਮੇਲਨ ਦਾ ਆਯੋਜਨ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿਚ ਭਾਸ਼ਾ ਵਿਭਾਗ ਦੇ ਹੁਣੇ ਰਿਟਾਇਰ ਹੋਏ ਡਾਇਰੈਕਟਰ ਚੇਤਨ ਸਿੰਘ, ਲਸ਼ਮਣ ਸਿੰਘ ਰਾਠੌਰ, ਸੁਰਿੰਦਰ ਸਿੰਘ ਸੋਢੀ ਡੀ. ਆਈ. ਜੀ. ਪੰਜਾਬ ਪੁਲਸ ਅਤੇ ਕਹਾਣੀਕਾਰ ਚਰਨਜੀਤ ਸਿੰਘ ਪੰਨੂ ਸੁਸ਼ੋਭਿਤ ਹੋਏ। ਪਾਕਿਸਤਾਨੀ ਪਾਠਕਾਂ ਦੀ ਮੰਗ ਤੇ ਕੈਲੀਫੋਰਨੀਆ ਦੇ ਮਰਸਡ ਰਹਿੰਦੇ ਉਘੇ ਕਿੱਸਾਕਾਰ ਲਸ਼ਮਣ ਸਿੰਘ ਰਾਠੌਰ ਦੇ ਕਿੱਸਾ ਪੂਰਨ ਭਗਤ ਦੀ ਉਰਦੂ ਵਿਚ ਛਪਵਾਈ ਐਡੀਸ਼ਨ ਅੱਜ ਲੋਕ ਅਰਪਨ ਕੀਤੀ ਗਈ। ਲਸ਼ਮਣ ਸਿੰਘ ਰਾਠੌਰ ਨੇ ਦੱਸਿਆ ਕਿ ਉਨ੍ਹਾਂ ਨੇ 1974 ਵਿਚ ਪਹਿਲਾ ਨਾਟਕ 'ਓੜਕ ਸੱਚ ਰਹੀ' ਲਿਖ ਕੇ 'ਭਾ ਜੀ' ਰਾਹੀਂ ਸਾਹਿਤਿਕ ਪਿੜ ਵਿਚ ਪੈਰ ਪਾਇਆ ਤੇ ਉਸ ਤੋਂ ਬਾਦ ਇੱਕ ਇਕਾਂਗੀ ਸੰਗ੍ਰਹਿ, ਤਿੰਨ ਕਾਵਿ ਸੰਗ੍ਰਹਿ, ਦੋ ਕਹਾਣੀ ਸੰਗ੍ਰਹਿ ਅਤੇ 550 ਰੁਬਾਈਆਂ ਵਾਲਾ ਇਕ ਰੁਬਾਈ ਸੰਗ੍ਰਹਿ ਛਪਵਾਇਆ। ਵਾਰ ਕਰਤਾਰ ਸਿੰਘ ਸਰਾਭਾ ਤੇ ਪੀਰ ਬੁੱਢਣ ਸ਼ਾਹ ਦੋ ਕਿਤਾਬਾਂ ਛਪਾਈ ਅਧੀਨ ਹਨ। ਉਹ ਭਾਸ਼ਾ ਵਿਭਾਗ ਪੰਜਾਬ ਵੱਲੋਂ ਮਿਤੀ 27 ਸਤੰਬਰ 2015 ਨੂੰ 'ਅਜ਼ੀਮ ਪੰਜਾਬੀ ਕਿੱਸਾ ਨਿਗਾਰ' ਵਜੋਂ ਸਨਮਾਨਤ ਹੋ ਚੁੱਕੇ ਹਨ।

ਚਰਚਿਤ ਕਹਾਣੀਕਾਰ ਚਰਨਜੀਤ ਪੰਨੂ ਨੇ ਆਪਣੀਆਂ ਸਾਹਿਤਿਕ ਕਿਰਤਾਂ ਦੀ ਨਿਸ਼ਾਨਦੇਹੀ ਕਰਦੇ ਦੱਸਿਆ ਕਿ 1969 ਵਿਚ ਪਹਿਲਾ ਕਾਵਿ ਸੰਗ੍ਰਹਿ ਨਾਨਕ ਰਿਸ਼ਮਾਂ ਛਪਵਾ ਕੇ ਉਹ ਸਹਿਤਿਕ ਖੇਤਰ ਵਿਚ ਦਾਖਲ ਹੋਏ ਤੇ ਹੁਣ ਤੱਕ ਉਸ ਦੇ ਛੇ ਕਹਾਣੀ ਸੰਗ੍ਰਹਿ, ਛੇ ਕਾਵ ਸੰਗ੍ਰਹਿ, 'ਤਿੜਕੇ ਚਿਹਰੇ' ਨਾਵਲ ਅਤੇ ਤਿੰਨ ਸਫਰਨਾਮੇ:- ਅਲਾਸਕਾ, ਮੇਰੀ ਵਾਈਟ ਹਾਊਸ ਫੇਰੀ ਤੇ 'ਹਵਈ' ਛਪ ਚੁੱਕੇ ਹਨ। ਸੁਰਿੰਦਰ ਸਿੰਘ ਸੋਢੀ ਡੀ. ਆਈ. ਜੀ. ਪੰਜਾਬ ਪੁਲਸ ਦੀ ਇੱਛਾ ਅਨੁਸਾਰ ਚਰਨਜੀਤ ਪੰਨੂ ਨੇ ਆਪਣਾ ਵਾਈਟ ਹਾਊਸ ਸਫਰਨਾਮਾ ਉਨ੍ਹਾਂ ਨੂੰ ਭੇਟ ਕੀਤਾ। ਪੰਜਾਬੀ ਮਾਂ ਬੋਲੀ ਪ੍ਰਤੀ ਪਾਏ ਯੋਗਦਾਨ ਨੂੰ ਮੁੱਖ ਰੱਖ ਕੇ ਦੋਹਾਂ ਸਾਹਿਤਕਾਰਾਂ ਨੂੰ ਸਭਾ ਵੱਲੋਂ ਬੁੱਕੇ, ਦੁਸ਼ਾਲੇ, ਸਨਮਾਨ ਪੱਤਰ ਤੇ ਸਨਮਾਨ ਚਿੰਨ੍ਹ ਭੇਟ ਕੀਤੇ ਗਏ। ਪ੍ਰਤੀਕਰਮ ਵਜੋਂ ਉਨ੍ਹਾਂ ਨੇ ਸਭਾ ਤੇ ਸੰਯੋਜਿਕਾਂ ਦਾ ਧੰਨਵਾਦ ਕੀਤਾ। ਸੁਰਿੰਦਰ ਸਿੰਘ ਸੋਢੀ ਨੇ ਸਰੋਤਿਆਂ ਨੂੰ ਸੰਬੋਧਨ ਹੁੰਦੇ ਚਰਨਜੀਤ ਪੰਨੂ ਤੇ ਲਸ਼ਮਣ ਸਿੰਘ ਰਾਠੌਰ ਨਾਲ ਕੈਲੀਫੋਰਨੀਆਂ ਵਿਖੇ ਹੋਈਆਂ ਮਿਲਣੀਆਂ ਦਾ ਜਿਕਰ ਕਰਦੇ ਧੰਨਵਾਦ ਕੀਤਾ ਤੇ ਉਨ੍ਹਾਂ ਦੇ ਕੀਤੇ ਪੰਜਾਬੀ ਕੰਮ ਦੀ ਸ਼ਲਾਘਾ ਕੀਤੀ। ਚੇਤਨ ਸਿੰਘ ਨੇ ਭਾਸ਼ਾ ਵਿਭਾਗ ਵਿਚ ਨਿਰਦੇਸ਼ਕ ਵਜੋਂ ਨਿਭਾਈਆਂ ਆਪਣੀਆਂ ਸੇਵਾਵਾਂ ਤੇ ਪ੍ਰਾਪਤੀਆਂ ਦਾ ਜਿਕਰ ਕਰਦੇ ਸਾਹਿਤਕਾਰਾਂ ਨੂੰ ਮੁਬਾਰਕ ਕਹੀ ਤੇ ਸਭਾ ਦਾ ਧੰਨਵਾਦ ਕੀਤਾ। ਸਾਹਿਤ ਸਭਾ ਵੱਲੋਂ ਸੁਰਿੰਦਰ ਸਿੰਘ ਸੋਢੀ ਤੇ ਚੇਤਨ ਸਿੰਘ ਦਾ ਵੀ ਢੁਕਵਾਂ ਮਾਣ ਸਨਮਾਨ ਕੀਤਾ ਗਿਆ। ਲੰਚ ਤੋਂ ਬਾਦ ਇੱਕ ਵਿਸ਼ਾਲ ਕਵੀ ਦਰਬਾਰ ਵਿਚ ਬੀਬੀ ਗੁਰਦੇਵ ਕੌਰ, ਗੁਰਚਰਨ ਬੱਧਣ, ਡਾ. ਦਵਿੰਦਰ ਦਿਲਰੂਪ, ਅਮਰਜੀਤ ਕੌਰ, ਅਮਰੀਕ ਸਿੰਘ, ਦਰਸ਼ਨ ਦਰਦੀ, ਦੇਸ ਰਾਜ ਬਲੀ, ਲਸ਼ਮਣ ਸਿੰਘ ਰਾਠੌਰ, ਚਰਨਜੀਤ ਪੰਨੂ ਆਦਿ ਨੇ ਆਪਣੇ ਨਵੇਂ ਨਿਵੇਕਲੇ ਕਲਾਮ ਸੁਣਾ ਕੇ ਸਰੋਤਿਆਂ ਨੂੰ ਨਿਹਾਲ ਕੀਤਾ। ਤਰਸੇਮ ਸਾਕੀ ਤੇ ਪ੍ਰਿੰਸੀਪਲ ਹਜ਼ੂਰਾ ਸਿੰਘ ਨੇ ਆਪਣੀ ਮਿੱਠੀ ਆਵਾਜ਼ ਤਰੰਨਮ ਵਿਚ ਗਾ ਕੇ ਸਰੋਤੇ ਕੀਲ ਸੁੱਟੇ। ਸਮਾਗਮ ਦੀ ਰੌਣਕ ਵਧਾਉਣ ਵਾਲਿਆਂ ਵਿਚ ਡਾ. ਦਲਾਵਰ ਸਿੰਘ, ਜਗਤਾਰ ਸਿੰਘ, ਪ੍ਰਵਿੰਦਰਪਾਲ ਸਿੰਘ ਰਾਠੌਰ ਯੂਥ ਅਕਾਲੀ ਲੀਡਰ, ਮੈਡਮ ਸ਼ਬਨਮ, ਜਿਲ੍ਹਾ ਸਿੱਖਿਆ ਅਫਸਰ ਨਵਾਂਸ਼ਹਿਰ, ਪਿੰਡ ਦੇ ਹਾਈ ਸਕੂਲ ਦੀ ਪ੍ਰਿੰਸੀਪਲ ਸਟਾਫ ਤੇ ਵਿਦਿਆਰਥੀ, ਸਰਪੰਚ ਤੇ ਸਮੂਹ ਪੰਚਾਇਤ ਮੈਂਬਰਾਂ ਸਮੇਤ ਹੋਰ ਪਤਵੰਤੇ ਸ਼ਾਮਲ ਸਨ। ਸਭਾ ਦੇ ਪ੍ਰਧਾਨ ਤਰਸੇਮ ਸਾਕੀ ਅਤੇ ਪਿੰਡ ਦੇ ਸਰਪੰਚ ਨੇ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਫੇਰ ਦੋਬਾਰਾ ਵੀ ਅਜੇਹੇ ਪ੍ਰੋਗਰਾਮ ਕਰਾਉਣ ਦੀ ਵਚਨਬੱਧਤਾ ਦੁਹਰਾਈ।

ਫਰਿਜ਼ਨੋ ਵਿਖੇ ਸੁਖਪਾਲ ਖਹਿਰੇ ਦੇ ਜਲਸੇ ਵਿੱਚ ਪ੍ਰਵਾਸੀ ਭਾਰਤੀ ਵੱਡੀ ਗਿਣਤੀ ਵਿੱਚ ਪਹੁੰਚੇ

ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ– ਆਮ ਆਦਮੀ ਪਾਰਟੀ ਦੇ ਮੁੱਖ ਬੁਲਾਰੇ ਹੱਕ ਅਤੇ ਸੱਚ ਦੀ ਅਵਾਜ਼ ਸੁਖਪਾਲ ਖਹਿਰਾ ਆਪ ਪਾਰਟੀ ਦੁਆਰਾ ਉਲੀਕੀ ਆਪਣੀ ਸਿਆਸੀ ਫੇਰੀ ਦੌਰਾਨ ਲੰਘੇ ਮੰਗਲਵਾਰ ਫਰਿਜ਼ਨੋ ਵਿਖੇ ਪਹੁੰਚੇ, ਜਿਥੇ ਸਥਾਨਿਕ ਐਡੀਸਨ ਸ਼ੋਸ਼ਲ ਕਲੱਬ ਵਿੱਚ ਉਹਨਾਂ ਪ੍ਰਵਾਸੀਆਂ ਨਾਲ ਖਚਾਖਚ ਭਰੇ ਹਾਲ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਭਖਦੇ ਮਸਲਿਆ ਤੇ ਖੁਲੀ ਵਿਚਾਰ ਚਰਚਾ ਕੀਤੀ। ਉਹਨਾਂ ਕਿਹਾ ਅਗਰ ਸਰਕਾਰਾਂ ਚਹੁੰਣ ਤਾਂ ਕੀ ਨਹੀਂ ਹੋ ਸਕਦਾ ਲੇਕਿਨ ਅਫ਼ਸੋਸ ਕਿ ਕਾਂਗਰਸ ਅਤੇ ਅਕਾਲੀਆਂ ਨੇ ਪੰਜਾਬ ਨੂੰ ਲੁਟਣ ਅਤੇ ਕੁਟਣ ਤੋਂ ਸਵਾਏ ਕੱਖ ਵੀ ਨਹੀਂ ਕੀਤਾ। ਉਹਨਾਂ ਕਿਹਾ ਕਿ ਪੰਜਾਬ ਵਿੱਚ ਇਸ ਸਮੇਂ ਜੰਗਲ ਦਾ ਰਾਜ ਹੈ, ਨਸ਼ੇ ਦੇ ਤਸ਼ਕਰ ਸਰਕਾਰੀ ਸਹਿ ਤੇ ਸਰੇਆਮ ਪੰਜਾਬ ਅੰਦਰ ਚਿੱਟਾ ਵੇਚ ਰਹੇ ਹਨ। ਸੜਕਾਂ ਤੇ ਮੌਤ ਦਣਦਣਾਉਦੀ ਹਰ ਰੋਜ ਸੈਕੜੇ ਬੇਕਸੂਰੇ ਲੋਕਾਂ ਨੂੰ ਐਕਸੀਡੈਂਟਾ ਜਰੀਏ ਆਪਣੇ ਕਲਾਵੇ ਵਿੱਚ ਲੈ ਰਹੀ ਹੈ, ਬੇਰੁਜ਼ਗਾਰੀ, ਭੁਖਮਾਰੀ ਅਤੇ ਭ੍ਰਿਸ਼ਟਾਚਾਰ ਵਰਗੀਆਂ ਅਲਾਮਤਾ ਨੇ ਮਿਹਨਤਕਸ਼ ਪੰਜਾਬੀਆਂ ਨੂੰ ਕੱਖੋਂ ਹੌਲੇ ਕੀਤਾ ਪਿਆ ਹੈ। ਉਹਨਾਂ ਕਿਹਾ ਕਿ ਮੰਝਧਾਰ ਵਿੱਚ ਗੋਤੇ ਖਾਂਦੀ ਪੰਜਾਬ ਦੀ ਡੁਬਦੀ ਬੇੜੀ ਨੂੰ ਅਗਰ ਕੋਈ ਮਲਾਹ ਬਣਕੇ ਪਾਰ ਲਾ ਸਕਦਾ ਤਾਂ ਉਹ ਆਮ ਆਦਮੀ ਪਾਰਟੀ ਦੀ ਸੋਚ ਹੈ ਅਤੇ ਆਓ ਰਲਕੇ ਹੰਭਲਾ ਮਾਰਕੇ ਆਉਣ ਵਾਲੀਆ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਅੰਦਰ ਆਪ ਦੀ ਸਰਕਾਰ ਬਣਾਕੇ ਆਪਣੀ ਡਗਰ ਤੋਂ ਭਟਕ ਚੁਕੇ ਪੰਜਾਬ ਨੂੰ ਵਾਪਸ ਤਰੱਕੀ ਦੇ ਰਾਹ ਤੋਰੀਏ। ਇਸ ਮੌਕੇ ਪ੍ਰਬੰਧਕ ਵੀਰਾਂ ਵੱਲੋਂ ਸੁਖਪਾਲ ਖਹਿਰੇ ਨੂੰ ਸਨਮਾਨ ਚਿੰਨ ਨਾਲ ਨਿਵਾਜਿਆ ਗਿਆ। ਹੋਰ ਬੋਲਣ ਵਾਲੇ ਬੁਲਾਰਿਆ ਵਿੱਚ ਪ੍ਰਦੀਪ ਸੁੰਦਰੀਆਲ (ਆਪ ਕਰਵੀਨਰ ਅਮਰੀਕਾ), ਗੁਰਦੀਪ ਸਿੰਘ ਗਗੜਾ, ਬਬਲਾ ਮਲੂਕਾ, ਸੁਖਦੇਵ ਸਿੰਘ ਸਿੱਧੂ, ਸੁਰਿੰਦਰ ਸਿੰਘ ਗੋਗੀ, ਹਾਕਮ ਸਿੰਘ ਢਿੱਲੋਂ, ਕੁੰਦਨ ਸਿੰਘ ਧਾਮੀ, ਪਾਲ ਧਾਲੀਵਾਲ, ਮਹਿੰਦਰ ਸਿੰਘ ਸੰਧਾਵਾਲੀਆ, ਜਗਦੇਵ ਸਿੰਘ, ਆਦ ਦੇ ਨਾਮ ਜ਼ਿਕਰਯੋਗ ਹਨ। ਇਸ ਜਲਸੇ ਦੌਰਾਂਨ ਲੋਕਾਂ ਨੇ ਦਿਲ ਖੋਲਕੇ ਆਪ ਪਾਰਟੀ ਲਈ ਫੰਡ ਵੀ ਦਿੱਤਾ। ਫਰਿਜ਼ਨੋ ਆਪ ਟੀਮ ਦੇ ਮੈਂਬਰਾ ਅਤੇ ਸਪਾਂਸਰਾ ਨਾਲ ਸ੍ਰ. ਖਹਿਰਾ ਨੇ ਜਲਸੇ ਤੋਂ ਪਹਿਲਾਂ ਫਰਿਜ਼ਨੋ ਦੇ ਮਸ਼ਹੂਰ ਇੰਡੀਆ ਕਬਾਬ ਪੈਲਿਸ ਰੈਸਟੋਰੈਂਟ ਵਿੱਚ ਦੁਪਿਹਰ ਦਾ ਖਾਣਾਂ ਵੀ ਖਾਧਾ । ਇਸ ਮੌਕੇ ਉਹਨਾਂ ਸਮੂਹ ਸਪਾਂਸਰ ਵੀਰਾ ਦਾ ਸ਼ੁਕਰੀਆ ਅਦਾ ਕੀਤਾ। ਜਲਸੇ ਦੇ ਅਖੀਰ ਵਿੱਚ ਲੋਕਾਂ ਨੇ ਸੁਖਪਾਲ ਖਹਿਰਾ ਨਾਲ ਸੁਆਲ ਜੁਆਬ ਵੀ ਕੀਤੇ ਅਤੇ ਸੁਖਪਾਲ ਖਹਿਰੇ ਨੇਂ ਸਾਰੇ ਸੁਆਲਾ ਦੇ ਤਸੱਲੀਬਖ਼ਸ਼ ਤਰੀਕੇ ਨਾਲ ਜੁਆਬ ਵੀ ਦਿੱਤੇ। ਸ੍ਰ. ਖਹਿਰਾ ਲੋਕਾਂ ਨਾਲ ਤਸਵੀਰਾਂ ਖਿਚਵਾਉਦੇ ਸਭਨਾਂ ਨੂੰ ਮਿਲਦੇ ਮਿਲਾਉਦੇ ਖੂਬ ਲੋਕਾਂ ਵਿੱਚ ਵਿਚਰਕੇ ਇਕੱਲੇ ਇਕੱਲੇ ਵਿਅੱਕਤੀ ਦੇ ਠਰੰਮ੍ਹੇ ਨਾਲ ਵਿਚਾਰ ਸੁਣਕੇ ਗਏ। ਅਖੀਰ ਵਿੱਚ ਲੋਕੀਂ ਗੱਲਾਂ ਕਰ ਰਹੇ ਸਨ ਕਿ ਲੀਡਰ ਤਾਂ ਹੋਰ ਵੀ ਬਥੇਰੇ ਵੇਖੇ ਨੇ, ਪਰ ਖਹਿਰਾ, ''ਖਹਿਰਾ ਹੀ ਹੈ। ਅਖੀਰ ਨੂੰ ਅਮਿੱਟ ਪੈੜਾ ਛੱਡਦਾ ਸੁਆਦਿਸ਼ਟ ਰਾਤਰੀ ਦੇ ਭੋਜਨ ਨਾਲ ਇਹ ਪ੍ਰੋਗ੍ਰਾਮ ਯਾਦਗਾਰੀ ਹੋ ਨਿਬੜਿਆ। ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਅਤੇ ਗੁਰਨੇਕ ਸਿੰਘ ਬਾਗੜੀ ਨੇ ਬਾਖੂਬੀ ਕੀਤਾ।

ਇਸ ਪ੍ਰੋਗ੍ਰਾਮ ਨੂੰ ਕਾਮਯਾਬ ਬਣਾਉਣ ਦਾ ਸਿਹਰਾ ਅਟਵਾਲ ਬ੍ਰਦ੍ਰਜ਼ ਫਾਰਮ ਮਰਸਿੱਡ, ਜਗਰੂਪ ਸਿੰਘ ਭੰਡਾਲ, ਸੁਖਬੀਰ ਸਿੰਘ ਭੰਡਾਲ, ਅਮੋਲਕ ਸਿੰਘ ਸਿੱਧੂ, ਜੱਗਾ ਸਧਾਰ, ਸਤਵੰਤ ਵਿਰਕ, ਜੰਗੀਰ ਸਿੰਘ ਗਿੱਲ, ਜੱਸੀ ਸਟੋਨ ਟਰੱਕਿੰਗ, ਦੀਪਾ ਚੌਹਾਨ, ਲਖਵੀਰ ਗਿੱਲ, ਗੁਰਦੇਵ ਨਿੱਝਰ, ਟਹਿਲ ਸਿੰਘ ਥਾਂਦੀ, ਨਾਜ਼ਰ ਸਿੰਘ ਸਹੋਤਾ, ਨਿੱਝਰ ਬ੍ਰਦ੍ਰਜ਼, ਤਾਰ ਸਿੰਘ ਰਠੌਰ, ਅਮਨਪ੍ਰੀਤ ਸਿੰਘ ਗਿੱਲ, ਸਮਰਵੀਰ ਸਿੰਘ ਵਿਰਕ, ਪ੍ਰਮੋਦ ਲੋਈ, ਅਤੇ ਸਮੁੱਚੀ ਫਰਿਜਨੋ ਆਪ ਵਲੰਟੀਅਰ ਟੀਮ, ਸਪਾਂਸਰ ਵੀਰਾ ਅਤੇ ਸਮੂਹ ਫਰਿਜਨੋ ਇਲਾਕਾ ਨਿਵਾਸੀਆ ਸਿਰ ਜਾਂਦਾ ਹੈ। ਇਸ ਸਮਾਗਮ ਦੌਰਾਂਨ ਲੰਗਰ ਦੀ ਸੇਵਾ ਮੰਗਲ ਸਿੰਘ ਜੌਹਲ, ਬਲਵੀਰ ਸਿੰਘ ਢਿੱਲੋਂ ਅਤੇ ਸਾਥੀਆਂ ਵੱਲੋਂ ਕੀਤੀ ਗਈ। ਇਸ ਪ੍ਰੋਗ੍ਰਾਮ ਦੇ ਯਾਦਗਾਰੀ ਪਲ੍ਹਾਂ ਨੂੰ ਕੈਮਰਾਬੰਧ ਸ਼ਿਆਰਾ ਸਿੰਘ ਢੀਡਸਾ (ਓਮਨੀ ਵੀਡੀਓ ਬੇਕਰਸਫੀਲਡ) ਵਾਲਿਆ ਨੇ ਕੀਤਾ।

ਅਗਸਤ 28, 2016 ਤੋਂ ਪਹਿਲਾਂ ਗੁਰੂ ਘਰ ਟਾਇਰਾ ਬਿਉਨਾ ਵਿਖੇ ਵੋਟਾਂ ਪੈਣਗੀਆਂ

ਯੂਬਾ ਸਿਟੀ– ਅਪੀਲਾਂ ਦੇ ਆਧਾਰ ਤੇ ਚੱਲ ਰਹੀ ਮੌਜੂਦਾ ਟਾਇਰਾ ਬਿਉਨਾ ਦੀ ਕਮੇਟੀ ਨੂੰ ਆਖਿਰ ਮਾਣਯੋਗ ਜੱਜ ਸਾਹਿਬਾਨ ਬਰਾਇਨ ਐਡਰਸਨ ਨ ਨਵੇਂ ਮੈਂਬਰਾਂ ਦੀਆਂ ਵੋਟਾਂ ਬਣਾਉਣ ਅਤੇ ਵੋਟਾਂ ਪਵਾਉਣ ਦੇ ਫਾਈਨਲ ਆਦੇਸ਼ ਦੇ ਦਿੱਤੇ ਹਨ ਕਿ ਅਗਸਤ 28, 2016 ਤੱਕ ਨਵੇਂ ਮੈਂਬਰਾਂ ਦੀਆਂ ਵੋਟਾਂ ਬਣਾਈਆਂ ਅਤੇ ਪਵਾਈਆਂ ਜਾਣ। ਮਾਣਯੋਗ ਜੱਜ ਦੇ ਆਦੇਸ਼ ਅਨੁਸਾਰ ਵੋਟਾਂ ਪੈਣ ਤੱਕ ਗੁਰੂ ਘਰ ਦੇ ਸੰਵਿਧਾਨ ਵਿਚ ਕਿਸੇ ਕਿਸਮ ਦੀ ਕੋਈ ਤਬਦੀਲੀ ਨਹੀਂ ਕੀਤੀ ਜਾ ਸਕਦੀ।



ਸੇਵਾ ਸਿੰਘ ਬੈਂਸ, ਪਰਮਿੰਦਰ ਸਿੰਘ ਗਰੇਵਾਲ, ਸੁਖਪਾਲ ਸਿੰਘ ਖਹਿਰਾ, ਕੁਲਦੀਪ ਸਿੰਘ ਡੀ. ਪੀ. ਐਮ. ਏ., ਬਲਰਾਜ ਸਿੰਘ ਢਿੱਲੋਂ ਤੇ ਹੋਰ ਵੀਰ। ਸੁਖਪਾਲ ਸਿੰਘ ਖਹਿਰਾ ਦੇ ਯੂਬਾ ਸਿਟੀ ਪਹੁੰਚਣ 'ਤੇ ਵਿਚਾਰਾਂ ਕਰਨ ਵੇਲੇ। ਆਮ ਆਦਮੀ ਪਾਰਟੀ ਦੇ ਬੁਲਾਰੇ ਵਜੋਂ ਸੁਖਪਾਲ ਸਿੰਘ ਖਹਿਰਾ ਅੱਜਕਲ੍ਹ ਅਮਰੀਕਾ ਦੇ ਦੌਰੇ ਤੇ ਆਏ ਹੋਏ ਹਨ, ਜਿੱਥੇ ਕੈਲੇਫੋਰਨੀਆ ਦੇ ਯੂਬਾ ਸਿਟੀ ਸ਼ਹਿਰਾਂ ਵੱਲੋਂ ਮਸ਼ਹੂਰ ਕਮਿਊਨਿਟੀ ਲੀਡਰ ਪਮਿੰਦਰ ਸਿੰਘ ਗਰੇਵਾਲ ਨਾਲ ਵੀ ਆ ਕੇ ਵਿਚਾਰਾਂ ਕੀਤੀਆਂ।

Low Rate Loans

Real Estate Loans
Commercial Loans
Apartment Loans
Construction Loans
Business Loans
Loans up to $30 Million

Credit or income problems are welcome

ਜੇ ਤੁਹਾਡਾ ਕਰੈਡਿਟ ਨਹੀਂ ਜਾਂ ਇਨਕਮ ਘੱਟ ਹੈ, ਕੋਈ ਗੱਲ ਨਹੀਂ, ਬੱਸ ਇਕ ਵਾਰ ਫੋਨ ਕਰੋ

For more information Call:-

(408) 307-6331

BEST BAY AREA
Truck Driving School Inc.
3150 Kenneth St. Santa Clara CA 95050

* ਕਲਾਸ ਏ ਅਤੇ ਬੀ ਲਾਇਸੈਂਸ ਦੀ ਗਰੰਟੀ।
* ਵਧੀਆ ਅਤੇ ਫਾਸਟ ਸਰਵਿਸ, ਤਜਰਬੇਕਾਰ, ਮਿੱਠਬੋਲੜੇ ਅਤੇ ਮਿਲਾਪੜੇ ਇੰਸਟਰਕਟਰ।
* ਟਰੱਕ ਸਿੱਖਣ ਲਈ ਵਾਜਬ ਤੇ ਬਹੁਤ ਹੀ ਘੱਟ ਫੀਸ
* ਬਾਹਰੋਂ ਆਏ ਵੀਰਾਂ ਲਈ ਏਅਰਪੋਰਟ ਤੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ
* ਕਲਾਸ ਏ ਅਤੇ ਬੀ ਲਾਇਸੈਂਸ ਰੀਨਿਊ ਕਰਨ ਦਾ ਬਹੁਤ ਹੀ ਸਸਤਾ ਪ੍ਰਬੰਧ ਹੈ
* ਲਿਖਤੀ ਟੈਸਟ ਪਾਸ ਕਰਨ ਲਈ ਵਿਸ਼ੇਸ਼ ਪ੍ਰਬੰਧ ਹੈ
* ਰਿਹਾਇਸ਼ ਦਾ ਵੀ ਪ੍ਰਬੰਧ ਹੈ।

ਅਸੀਂ ਬੇ-ਏਰੀਏ ਦੇ ਸਾਰੇ ਸਕੂਲਾਂ ਤੋਂ ਘੱਟ ਫੀਸ ਲੈਂਦੇ ਹਾਂ।

ਫਰੀਮਾਂਟ, ਯੂਨੀਅਨ ਸਿਟੀ ਅਤੇ ਹੇਵਰਡ ਦੇ ਵੀਰਾਂ ਲਈ ਮੁਫਤ ਰਾਈਡ ਦਾ ਪ੍ਰਬੰਧ ਹੈ

ਸਕੂਲ ਰੋਜ਼ਾਨਾ ਸਵੇਰੇ 9 ਵਜੇ ਤੋਂ ਲੈ ਕੇ ਸ਼ਾਮ 6 ਵਜੇ ਤੱਕ ਖੁੱਲ੍ਹਾ ਰਹਿੰਦਾ ਹੈ।
ਨੋਟ: ਐਤਵਾਰ ਨੂੰ ਸਕੂਲ

ਅੱਜ ਹੀ ਸੰਪਰਕ ਕਰੋ

ਸਿੱਧੂ (Sidhu) 510-460-2093
ਢਿੱਲੋਂ (Dhillon) 510-786-8143
ਦਫਤਰ (Office) 408-988-2100

'ਮੇਰੇ ਪੰਧ ਪੈਂਡੇ' ਪੁਸਤਕ ਵਿਚੋਂ

ਸਾਡੀ ਸ਼ਖਸੀਅਤ

ਸੁਰਿੰਦਰ ਸੁੰਨੜ
805-512-5092

ਬਹੁਤ ਵਧੀਆ ਲੋਕ ਦੁਨੀਆ ਤੇ ਆਪਣਾ ਪ੍ਰਭਾਵ ਜ਼ਰੂਰ ਛੱਡਦੇ ਹਨ। ਲੋਕ ਵਧੀਆ ਲੋਕਾਂ ਤੋਂ ਬਹੁਤ ਕੁਝ ਸਿੱਖਦੇ ਹਨ। ਸਿਆਣੇ ਲੋਕਾਂ ਦੇ ਤਜਰਬਿਆਂ ਤੋਂ ਲੋਕ ਬਹੁਤ ਕੁਝ ਸਿੱਖਦੇ ਹਨ। ਮੂਰਖਾਂ ਤੋਂ ਵੀ ਸਿੱਖਦੇ ਹਨ ਲੋਕ। ਸਮਝਦਾਰ ਲੋਕ ਦੁਨੀਆ ਨੂੰ ਮਾਰਗ ਦਰਸ਼ਨ ਕਰਵਾਉਂਦੇ ਹਨ। ਮੂਰਖ ਕਈ ਵਾਰ ਐਸੇ ਕਾਰਜ ਕਰ ਦਿੰਦਾ ਹੈ ਜਿਸ ਦੀ ਉਸਨੂੰ ਕੋਈ ਲੋੜ ਹੀ ਨਾ ਹੋਵੇ ਤੇ ਘਾਟਾ ਖਾ ਲੈਂਦਾ ਹੈ। ਇਕ ਕਹਾਣੀ ਮੈਂ ਕਿਤੋਂ ਪੜ੍ਹੀ ਸੁਣੀ ਕਿ ਇਕ ਵਾਰ ਸ਼ੇਰ, ਲੂੰਬੜ ਤੇ ਖੋਤੇ ਦੀ ਦੋਸਤੀ ਹੋ ਗਈ। ਲੂੰਬੜ ਨਿਗਰਾਨੀ ਰੱਖਦਾ- ਕੋਈ ਖਤਰਾ ਹੋਵੇ ਤਾਂ ਸ਼ੇਰ ਮੁਕਾਬਲਾ ਕਰਦਾ। ਜੇ ਕੁਝ ਲੱਦ ਕੇ ਲਿਆਉਣਾ ਹੋਵੇ ਤਾਂ ਖੋਤੇ ਤੇ ਲੱਦ ਕੇ ਲੈ ਜਾਂਦੇ। ਬੜੀ ਦੋਸਤੀ ਨਿਭੀ। ਇਕ ਦਿਨ ਲੂੰਬੜ ਨੇ ਕੋਈ ਸ਼ਿਕਾਰ ਕੱਢ ਕੇ ਲਿਆਂਦਾ। ਸ਼ੇਰ ਨੇ ਮਾਰ ਲਿਆ ਤੇ ਖੋਤੇ 'ਤੇ ਲੱਦ ਕੇ ਉਹ ਆਪਣੇ ਇਲਾਕੇ ਵਿਚ ਚਲੇ ਗਏ। ਸ਼ੇਰ ਨੇ ਖੋਤੇ ਨੂੰ ਕਿਹਾ ਕਿ ਆਪਾਂ ਤਿੰਨੋਂ ਸ਼ਿਕਾਰ ਕਰਕੇ ਲਿਆਏ ਹਾਂ ਤੂੰ ਵੰਡ ਕਰ ਦੇਹ। ਮੂਰਖ ਖੋਤਾ ਮਾਸਾਹਾਰੀ ਵੀ ਨਹੀਂ ਸੀ ਪਰ ਉਸਨੇ ਤਿੰਨ ਬਰਾਬਰ ਦੇ ਹਿੱਸੇ ਕਰ ਦਿੱਤੇ। ਸ਼ੇਰ ਨੂੰ ਬੜਾ ਗੁੱਸਾ ਆਇਆ। ਉਸਨੇ ਮਰਿਆ ਝਪਟਾ ਤੇ ਖੋਤੇ ਨੂੰ ਵੀ ਮਾਰ ਸੁੱਟਿਆ। ਥੋੜ੍ਹੀ ਦੇਰ ਯਾਰ ਮਾਰ ਦੇਣ ਦਾ ਅਫਸੋਸ ਕਰਕੇ ਸ਼ੇਰ ਲੂੰਬੜ ਨੂੰ ਕਹਿਣ ਲੱਗਾ, 'ਮੇਰੇ ਕੋਲੋਂ ਯਾਰ ਮਾਰਿਆ ਗਿਆ ਬੜਾ ਦੁੱਖ ਲੱਗਾ ਪਰ ਹੁਣ ਭੁੱਖ ਵੀ ਬੜੀ ਲੱਗੀ ਹੈ। ਚੱਲ ਤੂੰ ਵੰਡੀਆਂ ਪਾ ਦੇ ਆਪਾਂ ਸ਼ਿਕਾਰ ਖਾਈਏ। ਲੂੰਬੜ ਨੇ ਸਾਰੇ ਦਾ ਸਾਰਾ ਮੀਟ ਇਕ ਪਾਸੇ ਕਰ ਦਿੱਤਾ ਤੇ ਥੋੜ੍ਹਾ ਜਿਹਾ ਇਕ ਪਾਸੇ ਰੱਖ ਕੇ ਸ਼ੇਰ ਨੂੰ ਕਿਹਾ, 'ਇਹ ਸਾਰਾ ਤੇਰਾ ਹੈ ਮੇਰਾ ਤਾਂ ਬੱਸ ਇਹ ਨਿੱਕਾ ਜਿਹਾ ਟੁਕੜਾ ਹੀ ਹੈ। ਸ਼ੇਰ ਬੜਾ ਖੁਸ਼ ਹੋਇਆ ਨਾਲੇ ਮਜ਼ੇ ਨਾਲ ਖਾਈ ਜਾਵੇ ਤੇ ਨਾਲੇ ਲੂੰਬੜ ਨੂੰ ਪੁੱਛਣ ਲੱਗਾ ਕਿ ਤੂੰ ਇਹ ਅਕਲ ਕਿਸ ਤੋਂ ਸਿੱਖੀ ਹੈ? ਤਾਂ ਲੂੰਬੜ ਮਰੇ ਪਏ ਖੋਤੇ ਵੱਲ ਇਸ਼ਾਰਾ ਕਰਕੇ ਕਹਿਣ ਲੱਗਾ ਇਸ ਤੋਂ।

ਕੁਦਰਤ ਨੇ ਜੋ ਇਹ ਸ੍ਰਿਸ਼ਟੀ ਰਚੀ ਹੈ, ਇਸ ਵਿਚ ਬਹੁਤ ਸਾਰੀ ਅਕਲ ਕੁਦਰਤੀ ਹੀ ਹੈ। ਵੇਖਣ ਨੂੰ ਅੱਖਾਂ ਮਿਲੀਆਂ ਹਨ, ਕੁਦਰਤੀ, ਅੱਖਾਂ ਦੀ ਹਿਫਾਜ਼ਤ ਕਰਨੀ ਵੀ ਬਣਦੀ ਹੈ। ਜੇ ਨਜ਼ਰ ਕਮਜ਼ੋਰ ਹੋ ਜਾਵੇ ਤਾਂ ਐਨਕ ਵੀ ਲਗਵਾਉਣੀ ਪੈਂਦੀ ਹੈ। ਸਾਨੂੰ ਚੱਲਣ ਫਿਰਨ ਲਈ ਦੋ ਲੱਤਾਂ ਕੁਦਰਤ ਨੇ ਬਖਸ਼ੀਆਂ ਹਨ। ਚੱਲਣਾ ਫਿਰਨਾ ਕੁਦਰਤੀ ਹੈ ਪਰ ਅਸੀਂ ਐਸੇ ਥਾਂ ਪੈਰ ਨਾ ਰੱਖੀਏ ਜਿੱਥੇ ਜ਼ਖਮ ਮਿਲਣ। ਜੇ ਕੋਈ ਸਿਆਣਾ ਦੱਸ ਦੇਵੇ ਕਿ ਇੱਥੇ ਪੈਰ ਨਾ ਰੱਖੀਂ, ਸੜ ਜਾਵੇਂਗਾ ਤਾਂ ਕੋਈ ਗਲਤ ਨਹੀਂ ਹੈ। ਬਾਕੀ ਰਹੀ ਸਮਝਾਉਣ ਵਾਲੇ ਦੀ ਸ਼ਖਸੀਅਤ ਤੇ ਉਸਦੀ ਨੀਅਤ। ਜੇ ਸਾਨੂੰ ਕਿਸੇ ਤੇ ਯਕੀਨ ਹੀ ਨਹੀਂ ਜਾਂ ਜੇ ਸਾਨੂੰ ਕਿਸੇ ਦੀ ਨੀਅਤ ਤੇ ਸ਼ੱਕ ਹੈ ਤਾਂ ਅਸੀਂ ਉਸਦੀ ਸਲਾਹ ਕਿਉਂ ਲਵਾਂਗੇ। ਸੋ ਸਿਆਣੇ ਲੋਕ ਚੰਗੀਆਂ ਸ਼ਖਸੀਅਤਾਂ ਕਿਸੇ ਤੇ ਇੰਨਾ ਪ੍ਰਭਾਵ ਛੱਡਣ ਦੀ ਕੋਸ਼ਿਸ਼ ਨਹੀਂ ਕਰਦੀਆਂ। ਅਗਲਾ ਕਹੇ ਕਿ ਮੈਨੂੰ ਤੰਗ ਕਰ ਰਿਹਾ ਹੈ। ਤੰਗ ਕਰਕੇ ਖਵਾਈ ਮਠਿਆਈ ਵੀ ਕਈ ਵਾਰ ਵਧੀਆ ਨਹੀਂ ਲੱਗਦੀ। ਦੁਨੀਆਂ ਵਿਚੋਂ ਹੀ ਅਸੀਂ ਦਿਨੇ ਰਾਤ ਸਿੱਖਦੇ ਹਾਂ। ਸਾਨੂੰ ਲੋਕਾਂ ਵੱਲ ਦੇਖ ਕੇ ਹੀ ਪਤਾ ਲੱਗ ਸਕਦਾ ਹੈ। ਕਿਤੋਂ ਸਿੱਖ ਕੇ ਹੀ ਪਤਾ ਲੱਗ ਸਕਦਾ ਹੈ ਕਿਸਾਨ ਨੂੰ, ਕਿ ਕਿਹੜੀ ਫਸਲ ਕਿਸ ਸਮੇਂ ਬੀਜਣੀ ਹੈ। ਜੇ ਕੋਈ ਹਾੜੀ ਦੀ ਫਸਲ ਸਾਉਣੀ ਬੀਜਣ ਸਮੇਂ ਬੀਜ ਦੇਵੇ ਤਾਂ ਦਾਣੇ ਨਹੀਂ ਪੈ ਸਕਦੇ।

ਅਸੀਂ ਸੂ ਮੰਤਰ ਨਾਲ ਕਿਸੇ ਨੂੰ ਕੁਝ ਨਹੀਂ ਸਿਖਾ ਸਕਦੇ। ਸ਼ਖਸੀਅਤ ਦੇ ਪ੍ਰਭਾਵ ਅਸਲ ਵਿਚ ਰਿਸ਼ਤੇ ਬਣਾਉਂਦੇ ਹਨ। ਜੇ ਕਿਸੇ ਨੂੰ ਵਧੀਆ ਲੱਗਦਾ ਹੈ, ਪ੍ਰਭਾਵਸ਼ਾਲੀ ਲੱਗਦਾ ਹੈ, ਉਸ ਦੇ ਪ੍ਰਭਾਵ ਦਾ ਅਸਰ ਹੀ ਹੁੰਦਾ ਹੈ ਕਿ ਆਪਾਂ ਉਸ ਨੂੰ ਪਸੰਦ ਕਰਨ ਲੱਗ ਪੈਂਦੇ ਹਾਂ। ਹੋਰ ਰਿਸ਼ਤਾ ਜੋੜਨਾ ਚਾਹੁੰਦੇ ਹਾਂ। ਉਸਨੂੰ ਸੁਣਨਾ ਚਾਹੁੰਦੇ ਹਾਂ। ਜੇ ਸਾਡਾ ਵਿਅਕਤਿਤਵ ਵਧੀਆ ਨਹੀਂ ਹੈ ਤਾਂ ਰਿਸ਼ਤੇ ਖਰਾਬ ਹੁੰਦੇ ਹਨ। ਲੋਕ ਦੂਰ ਰਹਿਣ ਦੀ ਕੋਸ਼ਿਸ਼ ਕਰਨਗੇ, ਬਚ ਕੇ ਰਹਿਣਗੇ। ਇਹੋ ਜਿਹੇ ਵਿਅਕਤੀ ਆਪਣੇ ਬੱਚਿਆਂ ਨੂੰ ਵੀ ਗਵਾ ਬੈਠਦੇ ਹਨ। ਕਈ ਵਾਰ ਸਾਡੀ ਸ਼ਖਸੀਅਤ ਦਾ ਇੰਨਾ ਪ੍ਰਭਾਵ ਹੁੰਦਾ ਹੈ (ਚੰਗਾ ਹੋਵੇ ਜਾਂ ਮਾੜਾ) ਕਿ ਅਸੀਂ ਕਹਿਣ ਨੂੰ ਜੋ ਮਰਜ਼ੀ ਕਹੀ ਜਾਈਏ, ਉਸਦਾ ਕੋਈ ਅਸਰ ਨਹੀਂ ਪੈਂਦਾ। ਸਾਨੂੰ ਦੇਖ ਕੇ ਹੀ ਲੋਕ ਸਮਝ ਜਾਂਦੇ ਹਨ ਕਿ ਹੁਣ ਕੀ ਕਰਨਾ ਚਾਹੀਦਾ ਹੈ। ਦੂਸਰੀ ਗੱਲ ਹੈ ਕਿ ਸਾਡਾ ਗੱਲਬਾਤ ਕਰਨ ਦਾ ਤਰੀਕਾ ਕੀ ਹੈ? ਕਈ ਵਾਰ ਬਹੁਤ ਵਧੀਆ ਲੋਕ ਆਪਣੇ ਆਪ ਨੂੰ ਕਿਸੇ ਤੇ ਪ੍ਰਭਾਵ ਪਾਉਣ ਤੋਂ ਸੰਕੋਚ ਕਰਦੇ ਹਨ ਕਿਉਂਕਿ ਉਨ੍ਹਾਂ ਦੀ ਬੋਲਚਾਲ ਦੀ ਤਾਕਤ ਹੀ ਨਹੀਂ ਹੁੰਦੀ। ਅੰਦਰ ਗਿਆਨ ਹੈ ਪਰ ਜੇ ਕੋਈ ਇਜ਼ਹਾਰ ਨਹੀਂ ਕਰ ਸਕਦਾ ਤਾਂ ਫਿਰ ਕਿਸੇ ਨੂੰ ਕਿਵੇਂ ਪਤਾ ਲੱਗੇਗਾ। ਸੋ ਜੇ ਅਸੀਂ ਦਾ ਸਤਿਕਾਰ ਕਰਦੇ ਹਾਂ ਜਾਂ ਕਿਸੇ ਨੂੰ ਪਿਆਰ ਕਰਦੇ ਹਾਂ ਤਾਂ ਉਸਦਾ ਇਜ਼ਹਾਰ ਕਰਨ ਤੋਂ ਬਿਨਾਂ ਗੱਲ ਨਹੀਂ ਬਣ ਸਕਦੀ। ਇਜ਼ਹਾਰ ਕਰ ਸਕਣ ਦੀ ਯੋਗਤਾ ਵੀ ਸਾਡੀ ਸ਼ਖਸੀਅਤ ਦਾ ਬਹੁਤ ਵੱਡਾ ਹਿੱਸਾ ਹੁੰਦੀ ਹੈ। ਹਰ ਬੰਦੇ ਵਿਚ ਇਨਸਾਨੀ ਹੈਵਾਨੀ ਤੇ ਸ਼ੈਤਾਨੀ ਗੁਣ ਹੁੰਦੇ ਹਨ, ਪਰ ਜੋ ਗੁਣ ਔਗੁਣ ਤੁਹਾਡੇ ਲੋਕਾਂ ਨੂੰ ਪਤਾ ਲੱਗ ਜਾਂਦੇ ਹਨ, ਉਹਨਾਂ ਗੁਣਾਂ ਨਾਲ ਹੀ ਲੋਕ ਤੁਹਾਨੂੰ ਜਾਣਦੇ ਹਨ।

ਸਾਡਾ ਚਰਿੱਤਰ ਤੇ ਸਾਡੀ ਸ਼ਖਸੀਅਤ ਰਲ ਕੇ ਕੰਮ ਕਰਦੀਆਂ ਹਨ। ਸਮਾਜ ਵਿਚ ਜੋ ਸਾਡੀ ਤਸਵੀਰ ਬਣਦੀ ਹੈ, ਉਹ ਸਾਡੇ ਚਰਿੱਤਰ ਵਿਚੋਂ ਤੇ ਸਾਡੀ ਸ਼ਖਸੀਅਤ ਵਿਚੋਂ ਰਲ ਕੇ ਬਣਦੀ ਹੈ। ਦੁਨੀਆ ਦੀਆਂ ਨਜ਼ਰਾਂ ਵਿਚ ਜਿਸ ਤਰ੍ਹਾਂ ਦੇ ਅਸੀਂ ਹਾਂ ਉਸ ਦਾ ਸਾਡੇ ਰਿਸ਼ਤਿਆਂ ਤੇ ਬਹੁਤ ਪ੍ਰਭਾਵ ਪੈਂਦਾ ਹੈ। ਸੋ ਸਾਡੀ ਦੁਨੀਆਂ ਵਿਚ ਬਣੀ ਤਸਵੀਰ ਦੀ ਜੋ ਸ਼ਕਤੀ ਹੈ, ਉਹ ਹੀ ਸਾਡੀ ਸ਼ਕਤੀ ਹੁੰਦੀ ਹੈ। ਦੁਨੀਆ ਸਾਨੂੰ ਕਿਵੇਂ ਦੇਖਦੀ ਹੈ? ਸਿਆਣੇ ਲੋਕ ਕੋਸ਼ਿਸ਼ ਕਰਦੇ ਹਨ ਕਿ ਸਮਾਜ ਵਿਚ ਉਹਨਾਂ ਦੀ ਤਸਵੀਰ ਖਰਾਬ ਨਾ ਹੋ ਜਾਵੇ। ਕਈ ਵਾਰ ਜੀਵਨ ਵਿਚ ਐਸੇ ਵੀ ਲੋਕ ਮਿਲਦੇ ਹਨ ਜੋ ਤੁਹਾਡੀ ਤਸਵੀਰ ਤੋੜਨ ਦਾ ਸ਼ੌਂਕ ਰੱਖਦੇ ਹਨ। ਮੇਰੇ ਜੀਵਨ ਵਿਚ ਮੇਰੀ ਜੋ ਤਸਵੀਰ ਬਣੀ, ਉਸਨੂੰ ਮੇਰੇ ਕਈ ਆਪਣਿਆਂ ਨੇ ਤੋੜਨ ਦਾ ਯਤਨ ਕੀਤਾ। ਉਹ ਕਿੰਨੇ ਕੁ ਕਾਮਯਾਬ ਰਹੇ, ਇਸ ਬਾਰੇ ਵੀ ਮੈਂ ਆਪਣੇ ਪਾਠਕਾਂ ਤੋਂ ਕੁਝ ਨਹੀਂ ਲੁਕਾਣਾ ਚਾਹੁੰਦਾ। ਦੁਨੀਆ ਦੇ ਬਹੁਤ ਦੇਸ਼ਾਂ ਵਿਚ ਜਾਣ ਦਾ ਮੌਕਾ ਮਿਲਿਆ। ਦੁਨੀਆਂ ਬਹੁਤ ਵਧੀਆ ਹੈ। ਜੇ ਤੰਗ ਕਰਨ ਜਾਂ ਤਕਲੀਫ ਦੇਣ ਦਾ ਕੋਈ ਯਤਨ ਕਰਦਾ ਹੈ ਤਾਂ ਉਹ ਤੁਹਾਡਾ ਕੋਈ ਆਪਣਾ ਹੀ ਹੁੰਦਾ ਹੈ। ਕਿਸੇ ਓਪਰੇ ਦਾ ਕਿੱਥੇ ਵਿਹਲ। ਜਿੰਨਾ ਵੀ ਕੋਈ ਸਾਡੇ ਜ਼ਿਆਦਾ ਨਜ਼ਦੀਕ ਹੁੰਦਾ ਹੈ, ਉਸ ਕੋਲ ਸਾਨੂੰ ਜ਼ਲੀਲ ਕਰਨ ਦਾ ਉਨਾ ਹੀ ਜ਼ਿਆਦਾ ਅਧਿਕਾਰ ਹੁੰਦਾ ਹੈ। ਇਸ ਕਿਤਾਬ ਵਿਚ ਆਪਣੇ ਤਜਰਬਿਆਂ ਦੇ ਨਾਲ ਨਾਲ ਬਹੁਤ ਸਾਰੇ ਮੇਰੇ ਕਰੀਬੀ, ਜਿਨ੍ਹਾਂ ਨੇ ਮੇਰੀ ਤਸਵੀਰ ਨੂੰ ਸਮਾਜ ਵਿਚੋਂ ਤੋੜਨ ਦਾ ਯਤਨ ਕੀਤਾ, ਉਨ੍ਹਾਂ ਨਾਲ ਵੀ ਪਾਠਕਾਂ ਦੀ ਪਹਿਚਾਣ ਕਰਵਾਂਗਾ।

ਕਈ ਲੋਕਾਂ ਦੀ ਤਸਵੀਰ ਦੇਖ ਕੇ ਅਸੀਂ ਬੜੇ ਪ੍ਰਭਾਵਿਤ ਹੋ ਜਾਂਦੇ ਹਾਂ। ਦੇਖਣ ਨੂੰ ਬੜੇ ਮਾਡਲ ਮਨੁੱਖ ਲੱਗਦੇ ਹਨ। ਉਹ ਸਾਡੀਆਂ ਅੱਖਾਂ ਦਾ ਭੁਲੇਖਾ ਹੁੰਦਾ ਹੈ। ਗਲਤੀ ਨਾਲ ਕਈ ਵਾਰ ਅਸੀਂ ਐਸੀ ਗਲਤੀ ਕਰ ਬੈਠਦੇ ਹਾਂ ਕਿ ਵਾਪਸ ਪਰਤਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਇਵਜਾਨੇ ਵਜੋਂ ਤੁਹਾਨੂੰ ਬਹੁਤ ਹੀ ਘਾਟੇ ਝੱਲਣੇ ਪੈਂਦੇ ਹਨ, ਬਹੁਤ ਸਾਰੇ ਰਿਸ਼ਤੇ ਖਰਾਬ ਹੋ ਜਾਂਦੇ ਹਨ। ਇਕ ਨਿੱਕੀ ਜਿਹੀ ਗਲਤੀ ਕਰਕੇ ਵਾਤਾਵਰਣ ਹੀ ਬਦਲ ਜਾਂਦਾ ਹੈ। ਮੈਂ ਆਪਣੀ ਇਕ ਹੱਡਬੀਤੀ ਸਾਂਝੀ ਕਰਾਂ :-

ਮੇਰੇ ਸਾਂਢੂ ਦੀ ਮਾਸੀ ਦੀ ਧੀ ਭੈਣ ਸਾਰੀ ਉਮਰ ਇੰਗਲੈਂਡ ਵਿਚ ਰਹਿਣ ਤੋਂ ਬਾਅਦ ਆਪਣੇ ਭਰਾ ਦੇ ਕੋਲ ਕੈਲੇਫੋਰਨੀਆ ਆ ਗਈ। ਰੱਬ ਜਾਣੇ ਕੀ ਹੋਇਆ ਉਸਦੇ ਸਕੇ ਭਰਾ ਨੇ ਆਪਣੀ ਭੈਣ ਦਾ ਬੋਰੀਆ ਬਿਸਤਰਾ ਚੁੱਕ ਕੇ ਬੂਹਿਓਂ ਬਾਹਰ ਰੱਖ ਦਿੱਤਾ। ਖੈਰ ਉਸਨੇ ਆਪਣੇ ਮਾਸੀ ਦੇ ਪੁੱਤ ਨੂੰ, ਜੋ ਕਿ ਮੇਰਾ ਸਾਂਢੂ ਲੱਗਦਾ ਸੀ, ਕਾਲ ਕੀਤੀ। ਉਹਨਾਂ ਦਿਨਾਂ ਵਿਚ ਮੇਰੇ ਸਾਰੇ ਰਿਸ਼ਤੇਦਾਰ, ਜੋ ਕੈਲੇਫੋਰਨੀਆ ਵਿਚ ਰਹਿੰਦੇ ਸਨ, ਮੇਰੀ ਸਲਾਹ ਲੈ ਲਿਆ ਕਰਦੇ। ਮੈਨੂੰ ਜਦੋਂ ਪਤਾ ਲੱਗਾ ਕਿ ਮੇਰੇ ਸਾਂਢੂ ਦੀ ਮਾਸੀ ਦੀ ਧੀ ਨੂੰ ਮਦਦ ਦੀ ਲੋੜ ਹੈ ਤਾਂ ਮੈਂ ਹਰਪ੍ਰੀਤ ਨਾਲ ਸਲਾਹ ਕਰਕੇ ਉਨ੍ਹਾਂ ਨੂੰ ਆਪਣੇ ਘਰ ਬੁਲਾ ਲਿਆ। ਇਕ ਲੜਕਾ ਤੇ ਦੋ ਜਵਾਨ ਲੜਕੀਆਂ ਵੀ ਉਸਦੇ ਨਾਲ ਸਨ। ਉਹ ਸਾਡੇ ਘਰ ਰਹੇ, ਸਾਨੂੰ ਬੜਾ ਚੰਗਾ ਲੱਗਾ। ਸਵੇਰੇ ਉੱਠ ਕੇ ਇਸ਼ਨਾਨ ਪਾਣੀ ਕਰਕੇ ਨਿੱਤਨੇਮ ਬੜੀ ਨਰਮ ਆਵਾਜ਼ ਵਿਚ ਕਰਨ ਵਾਲੀ ਅੰਮ੍ਰਿਤਧਾਰੀ ਤੇ ਹਮੇਸ਼ਾਂ ਹਸੂੰ ਹਸੂੰ ਕਰਦੀ ਫਿਰੇ। ਉਸਦੇ ਚਰਿੱਤਰ ਉਸਦੀ ਸ਼ਖਸੀਅਤ ਦੀ ਐਨੀ ਵਧੀਆ ਤਸਵੀਰ ਬਣੀ ਸਾਡੇ ਉਤੇ ਕਿ ਸਾਨੂੰ ਬਿਲਕੁਲ ਓਪਰਾ ਨਾ ਲੱਗਾ। ਇਹ ਫਰਵਰੀ 1993 ਦੀ ਗੱਲ ਹੈ। ਮੇਰਾ ਤੇ ਹਰਪ੍ਰੀਤ ਦਾ ਪਹਿਲਾਂ ਤੋਂ ਹੀ ਪੰਜਾਬ ਆਉਣ ਦਾ ਪ੍ਰੋਗਰਾਮ ਬਣਿਆ ਹੋਇਆ ਸੀ। ਅਸੀਂ ਮਹੀਨੇ ਕੁ ਵਾਸਤੇ ਪੰਜਾਬ ਆਏ ਤੇ ਸਾਰਾ ਘਰ ਬਿੰਦਰੋ ਦੇ ਹਵਾਲੇ ਕਰ ਆਏ। ਉਹ ਚਾਰੇ ਜਣੇ ਸਾਡੇ ਘਰ, ਘਰ ਵਾਂਗ ਰਹੇ।

ਜਦੋਂ ਅਸੀਂ ਵਾਪਿਸ ਆਏ ਤਾਂ ਕੁਝ ਸਮਾਂ ਪਾ ਕੇ ਅਸੀਂ ਬਿੰਦਰੋ ਤੇ ਉਸ ਦੇ ਬੱਚਿਆਂ ਵਾਸਤੇ ਕਮਰਾ ਕਿਰਾਏ ਤੇ ਲੈ ਦਿੱਤਾ। ਸਾਡੇ ਘਰ ਉਹ ਅਕਸਰ ਰੋਜ਼ ਆਉਂਦੇ ਤੇ ਕਿੰਨਾ ਕਿੰਨਾ ਸਮਾਂ ਸਾਡੇ ਕੋਲ ਬਿਤਾਉਂਦੇ। ਗੱਲਾਂ ਗੱਲਾਂ ਵਿਚ ਇਕ ਦਿਨ ਬਿੰਦਰੋ ਨੇ ਵੱਡੀ ਲੜਕੀ ਦੀ ਸ਼ਾਦੀ ਕਰਨ ਦਾ ਇਸ਼ਾਰਾ ਕੀਤਾ। ਸਾਡੇ ਪਿੰਡ ਦਾ ਇਕ ਲੜਕਾ ਪਸੰਦ ਕਰਕੇ ਅਸੀਂ ਕੁੜੀ ਦਾ ਵਿਆਹ ਰੱਖ ਦਿੱਤਾ। ਵਿਆਹ ਕਿਉਂਕਿ ਸਾਡੇ ਘਰ ਹੋਣਾ ਸੀ, ਹਰ ਤਰ੍ਹਾਂ ਦੀ ਤਿਆਰੀ ਅਸੀਂ ਕੀਤੀ ਤੇ ਹਰ ਕਾਰਜ ਵਿਚ ਅੱਗੇ ਹੋ ਕੇ ਮੈਂ ਵਿਆਹ ਦੀ ਰਸਮ ਨੂੰ ਵਧੀਆ ਬਣਾਉਣ ਲਈ ਕੰਮ ਕੀਤਾ। ਅੱਗੇ ਹੋ ਕੇ ਸ਼ਗਨ ਵਿਹਾਰ ਕੀਤੇ। ਖਰਚਾ ਵੀ ਸਾਡਾ ਕਾਫੀ ਹੋ ਗਿਆ ਪਰ ਹਰਪ੍ਰੀਤ ਦਾ ਸੁਭਾਅ ਹੈ ਕਿ ਜਦੋਂ ਉਹ ਕਿਸੇ ਨਾਲ ਕਰਦੀ ਹੈ ਤਾਂ ਬਹੁਤ ਕਰਦੀ ਹੈ। ਹਰਪ੍ਰੀਤ ਨੇ ਕੁੜੀ ਨੂੰ ਕੱਪੜਾ ਲੱਤਾ ਵੀ ਬਹੁਤ ਦਿੱਤਾ ਤੇ ਗਹਿਣੇ ਵੀ ਪਾਏ। ਵਿਆਹ ਵਿਚ ਫੋਟੋਗ੍ਰਾਫਰਾਂ ਨੇ ਮੇਰੀਆਂ ਤੇ ਹਰਪ੍ਰੀਤ ਦੀਆਂ, ਜ਼ਿੰਮੇਵਾਰੀ ਨਿਭਾਉਂਦਿਆਂ ਦੀਆਂ ਤਸਵੀਰਾਂ ਵੀ ਬਹੁਤ ਖਿੱਚੀਆਂ।

ਕੁਝ ਸਮਾਂ ਪਾ ਕੇ ਬਿੰਦਰੋ ਨੇ ਮੈਨੂੰ ਕਿਹਾ ਕਿ ਜੇ ਮੈਂ ਉਹਨਾਂ ਨੂੰ ਇਕ ਸਟੋਰ ਦੇ ਦੇਵਾਂ ਤਾਂ ਉਹ ਮਿਹਨਤ ਕਰਕੇ ਵਧੀਆ ਜੀਵਨ ਜੀਅ ਸਕਦੇ ਹਨ। ਹਰਪ੍ਰੀਤ ਦੇ ਰੋਕਣ ਦੇ ਬਾਵਜੂਦ ਵੀ ਮੈਂ ਇਕ ਸਟੋਰ ਬਿੰਦਰੋ ਦੇ ਹਵਾਲੇ ਕਰ ਦਿੱਤਾ। ਸਾਡੇ ਅਕਾਊਂਟੈਂਟ ਨੇ ਸਾਰੀ ਕਾਗਜ਼ੀ ਕਾਰਵਾਈ ਕਰ ਦਿੱਤੀ। ਇਕ ਲੱਖ ਸੱਤਰ ਹਜ਼ਾਰ ਡਾਲਰ ਦਾ ਨੋਟ ਕਰਕੇ ਮੈਨੂੰ ਦੇ ਦਿੱਤਾ ਕਿ ਹੌਲੀ ਹੌਲੀ ਦੇ ਦਿਆਂਗੇ। ਸਾਲ ਡੇਢ ਸਾਲ ਕਿਸ਼ਤਾਂ ਤੇ ਕਿਰਾਇਆ ਵੀ ਦਿੰਦੇ ਰਹੇ। ਨਵੀਆਂ ਗੱਡੀਆਂ ਵੀ ਖਰੀਦ ਲਈਆਂ। ਬੜੀ ਗੱਪ ਮਾਰਿਆ ਕਰਨ ਕਿ ਬਹੁਤ ਵਧੀਆ ਸਟੋਰ ਮਿਲਿਆ। ਖਰਚੇ ਵਧਾ ਲਏ ਤੇ ਕੰਮ ਘੱਟ ਕਰ ਦਿੱਤਾ। ਇਕ ਰਾਤ ਸਟੋਰ ਦਾ ਸਾਰਾ ਸਮਾਨ ਲੱਦ ਕੇ ਲੈ ਗਏ। ਸਵੇਰੇ ਪਤਾ ਲੱਗਾ ਕਿ ਕਈ ਟਰੱਕ ਭਰ ਕੇ ਸਮਾਨ ਪਤਾ ਨਹੀਂ ਕਿੱਧਰ ਲੈ ਗਏ। ਮੈਂ ਬੜਾ ਹੈਰਾਨ ਹੋਇਆ?

(ਚਲਦਾ)

ਕਾਲੇ ਕਦੀ ਨਾ ਹੋਵਣ ਬੱਗੇ

ਡਾਕਟਰ ਅਜੀਤ ਸਿੰਘ ਕੋਟਕਪੂਰਾ
drsinghajit@gmail.com
585-305-0443

ਪ੍ਰਕਾਸ਼ ਜੋ ਕਿ ਸੱਤ ਰੰਗਾਂ ਦਾ ਸੁਮੇਲ ਹੈ ਸਾਡੀਆਂ ਅੱਖਾਂ ਇਸ ਨੂੰ ਕਾਲਾ ਜਾਂ ਚਿੱਟਾ ਹੀ ਦੇਖ ਸਕਦੀਆਂ ਹਨ। ਪ੍ਰੰਤੂ ਵਿਗਿਆਨਿਕ ਨਜ਼ਰੀਏ ਤੋਂ ਕਾਲਾ ਅਤੇ ਚਿੱਟਾ ਰੰਗ ਨਹੀਂ ਹਨ । ਅਸਲੀਅਤ ਤਾਂ ਇਹ ਹੈ ਕਿ ਚਿੱਟਾ ਰੰਗ ਸੱਤ ਰੰਗਾਂ, ਬੈਂਗਣੀ, ਨੀਲਾ, ਅਸਮਾਨੀ, ਹਰਾ, ਪੀਲਾ, ਨਾਰੰਗੀ ਅਤੇ ਲਾਲ ਰੰਗ ਦਾ ਮਿਸ਼ਰਣ ਹੈ। ਜਦੋਂ ਕੋਈ ਵੀ ਵਸਤੂ ਇਨ੍ਹਾਂ ਸੱਤਾ ਰੰਗਾਂ ਨੂੰ ਆਪਣੇ ਅੰਦਰ ਜਜਬ ਕਰ ਲੈਂਦੀ ਹੈ ਤਾਂ ਉਸ ਵਸਤੂ ਦਾ ਰੰਗ ਸਫੈਦ ਜਾਂ ਚਿੱਟਾ ਨਜਰ ਪੈਂਦਾ ਹੈ ਅਤੇ ਜੇ ਕਰ ਕੋਈ ਵੀ ਰੰਗ ਜਜਬ ਨਾ ਕਰ ਸਕੇ ਤਾਂ ਓਹ ਵਸਤੂ ਕਾਲੀ ਨਜਰ ਆਉਂਦੀ ਹੈ। ਜੇ ਕਰ ਅਸੀ ਇਹਨਾਂ ਰੰਗਾਂ ਨੂੰ ਜਿੰਦਗੀ ਜਿਓਣ ਦੀ ਪ੍ਰੀਕਿਰਿਆ ਅਨੁਸਾਰ ਦੇਖਣ ਦਾ ਯਤਨ ਕਰਦੇ ਹਾਂ ਤਾਂ ਸਾਰਾ ਹੀ ਪਸਾਰਾ ਰੰਗਾਂ ਦੀ ਖੇਡ ਵਿਚ ਰਚਿਆ ਹੋਇਆ ਪ੍ਰਤੀਤ ਹੁੰਦਾ ਹੈ। ਜਦੋਂ ਅਸੀ ਭਾਰਤ ਦੇ ਕੌਮੀ ਝੰਡੇ ਦੇ ਤਿਨ ਰੰਗਾਂ ਕੇਸਰੀ, ਸਫੇਦ ਅਤੇ ਹਰੇ ਵਲ ਝਾਤ ਮਾਰਦੇ ਹਾਂ ਤਾਂ ਇਹ ਆਪਣੇ ਅੰਦਰ ਇੱਕ ਖਾਸ ਤਰਾਂ ਦੇ ਅਰਥਾਂ ਤੋਂ ਜਾਣੂ ਕਰਵਾ ਰਹੇ ਹੁੰਦੇ ਹਨ । ਜੇ ਹਰਾ ਰੰਗ ਦੇਸ਼ ਦੀ ਹਰਿਆਲੀ ਦਾ ਪ੍ਰਤੀਕ ਹੈ ਅਤੇ ਸਫੈਦ ਰੰਗ ਸ਼ਾਂਤੀ ਨਾਲ ਵਸਣ ਬਾਰੇ ਸੰਦੇਸ਼ ਦਿੰਦਾ ਹੈ ਅਤੇ ਕੇਸਰੀ ਰੰਗ ਦਸਦਾ ਹੈ ਕਿ ਜਦੋਂ ਵੀ ਦੇਸ਼ ਅਤੇ ਕੌਮ ਦੀ ਖਾਤਿਰ ਕੁਰਬਾਨੀ ਦੀ ਲੋੜ ਮਹਿਸੂਸ ਹੋਈ ਕੋਈ ਵੀ ਦੇਸ਼ ਵਾਸੀ ਵਡੀ ਤੋਂ ਵਡੀ ਕੁਰਬਾਨੀ ਦੇਣ ਤੋਂ ਮੁਨਕਰ ਨਹੀਂ ਹੋਇਆ ਅਤੇ ਨਾ ਹੀ ਹੋਵੇਗਾ। ਝੰਡੇ ਦੇ ਅੰਦਰ ਨੀਲੇ ਰੰਗ ਦਾ ਚੱਕਰ ਸਮੇਂ ਦੇ ਚਲਦੇ ਰਹਣ ਦਾ ਗਿਆਂ ਦਿੰਦਾ ਹੈ। ਜੀਵਨ ਦੇ ਰੰਗਾਂ ਦੀ ਪਰਿਕਿਰਿਆ ਕੁਝ ਵਖਰੀ ਕਿਸਮ ਦੀ ਪ੍ਰਤੀਕ ਹੈ। ਜਦੋਂ ਵੀ ਕਿਸੇ ਮਨੁਖ ਦੇ ਜੀਵਨ ਅੰਦਰ ਖੁਸ਼ੀ ਪ੍ਰਵੇਸ਼ ਪਾਓਦੀ ਹੈ ਤਾਂ ਉਸ ਦੇ ਚੇਹਰੇ ਤੇ ਰੌਣਕ ਝਲਕਦੀ ਹੈ ਅਤੇ ਉਸ ਨੂੰ ਦਿਨ ਦੁਧ ਜਿਹਾ ਚਿੱਟਾ ਲਗਦਾ ਹੈ। ਉਸ ਵਿਚ ਸਾਰੇ ਹੀ ਰੰਗ ਘੁਲੇ ਹੋਏ ਨਜ਼ਰੀ ਪੈਂਦੇ ਹਨ ਅਤੇ ਉਸ ਲਈ ਹਰੇਕ ਦਿਨ ਪੁੰਨਿਆ ਦੀ ਰਾਤ ਜਿਹਾ ਸਫੈਦ ਲਗਣ ਲੱਗ ਜਾਂਦਾ ਹੈ ਅਤੇ ਹੋਰ ਕੋਈ ਰੰਗ ਦਿਖਾਈ ਨਹੀ ਦਿੰਦਾ ਹੈ । ਪ੍ਰੰਤੂ ਜਦੋਂ ਇਸ ਦੇ ਵਿਪ੍ਰੀਤ ਹੋ ਜਾਂਦਾ ਹੈ ਭਾਵ ਗਮ ਘੇਰ ਲੈਂਦੇ ਹਨ ਤਾਂ ਉਸ ਨੂੰ ਚਿੱਟੀ ਧੁਪ ਵਾਲਾ ਦਿਨ ਕਾਲੀ ਬੋਲੀ ਰਾਤ ਜਿਹਾ ਲਗਣ ਲੱਗ ਜਾਂਦਾ ਹੈ ਅਰਥਾਤ ਹਰ ਰਾਤ ਮੱਸਿਆਵਾਲੀ ਰਾਤ ਹੀ ਲੱਗਣ ਲੱਗ ਜਾਂਦੀ ਹੈ। ਪੰਜਾਬੀ ਕਿਰਸਾਨ ਜੋ ਹੱਡ ਭੰਨਵੀਂ ਮੇਹਨਤ ਕਰ ਕੇ ਫਸਲ ਪੈਦਾ ਕਰਦਾ ਹੈ ਅਤੇ ਜਦੋਂ ਫਸਲ ਹਰੀ ਭਰੀ ਨੂੰ ਦੇਖਦਾ ਹੈ ਤਾਂ ਓਹ ਖੁਸ਼ੀ ਨਾਲ ਝੂਮ ਉਠਦਾ ਹੈ ਅਤੇ ਸਾਰੇ ਪਾਸੇ ਉਸ ਨੂੰ ਦੁਧ ਚਿੱਟਾ ਚਾਨਣ ਹੀ ਦਿਸਦਾ ਹੈ ।ਖੇਤਾਂ ਦੇ ਵੱਟਾਂ ਬੰਨਿਆਂ ਤੇ ਪਾਣੀ ਲਾਓਂਦਾ, ਗੋਡੀ ਕਰਦਾ ਹੋਇਆ ਓਹ ਖੀਵਾ ਹੋਇਆ ਫਿਰਦਾ ਹੈ ਅਤੇ ਗੁਣਾ ਤਕਸੀਮ ਕਰਦਾ ਹੋਇਆ ਆਪਣੇ ਸਿਰ ਚੜਿਆ ਸ਼ਾਹੂਕਾਰ ਦਾ ਕਰਜ ਲਾਹੁੰਦਾ ਹੈ, ਆਪਣੀ ਪਤਨੀ ਦੀਆਂ ਗਹਿਣੇ ਅਤੇ ਕਪੜੇ ਦੀਆਂ ਰੀਝਾਂ ਪੂਰੀਆਂ ਕਰਦਾ ਹੋਇਆ, ਜਵਾਨੀ ਵੱਲ ਵਧ ਰਹੀ ਆਪਣੀ ਧੀ ਦੇ ਹਥ ਪੀਲੇ ਕਰ ਸੁਰਖੁਰੁ ਹੋਣ ਬਾਰੇ ਸੋਚਦਾ ਹੈ। (ਚਲਦਾ)

ਜੋ ਗੁਰ ਦਸੈ ਵਾਟ ਮੁਰੀਦਾ ਜੋਲੀਐ

(ਦੂਜੀ ਤੇ ਆਖਰੀ ਕਿਸਤ)

ਜੇ ਸਿੱਖ ਇਤਿਹਾਸ ਵਲ ਨਜਰ ਪਾਈ ਜਾਂਦੀ ਹੈ ਤਾਂ ਇਹ ਪਤਾ ਚਲਦਾ ਹੈ ਕਿ ਸਿਖ ਆਪਣੇ ਧਰਮ ਲਈ ਹੀ ਸਹਾਦਤ ਨਹੀ ਦਿੰਦਾ ਓਹ ਅਸੂਲਾਂ ਅਤੇ ਆਦਰਸ਼ਾਂ ਦੀ ਰਾਖੀ ਲਈ ਕਿਸੇ ਦੂਸਰੇ ਦੀ ਧਰਮ ਦੀ ਰਾਖੀ ਲਈ ਵੀ ਸਹੀਦ ਹੋਣ ਲਈ ਵੀ ਤਤਪਰ ਰਹਿੰਦਾ ਹੈ ਅਤੇ ਮੌਤ ਅਤੇ ਜਿੰਦਗੀ ਨੂੰ ਇਕੋ ਜਿਹਾ ਹੀ ਮਹਿਸੂਸ ਕਰਦਾ ਹੈ । ਸਿਖ ਦੀ ਸਹਾਦਤ ਨਾ ਤਾਂ ਸਵੈ ਲਈ ਹੁੰਦੀ ਹੈ ਨਾ ਕੇਵਲ ਆਪਣੀ ਕੌਮ ਦੇ ਸਨਮਾਨ ਲਈ ਸਗੋਂ ਓਹ ਤਾਂ ਸਾਰੀ ਮਨੁਖਤਾ ਲਈ ਅਤੇ ਹਰ ਕਿਸਮ ਦੀ ਬੇ-ਇਨਸਾਫੀ ਖਾਤਿਰ ਜੂਝ ਮਰਨ ਨੂੰ ਆਪਣੇ ਸਤਕਾਰੇ ਗੁਰੂ ਦਾ ਹੁਕਮ ਮੰਨ ਕੇ ਸਵੀਕਾਰ ਕਰਦਾ ਹੈ।

ਸਿਖ ਧਰਮ ਅਨੁਸਾਰ ਸ਼ਹੀਦ ਮੌਤ ਦੇ ਡਰ ਤੋਂ ਮੁਕਤ ਹੁੰਦੇ ਹਨ ਅਤੇ ਪਰਮਾਤਮਾ ਨਾਲ ਇੱਕ ਸੁਰ ਹੋਏ ਹੁੰਦੇ ਹਨ । ਸਚ ਅਤੇ ਮਨੁਖਤਾ ਦੇ ਭਲੇ ਲਈ ਜੂਝ ਮਰਨ ਦਾ ਸਿਧਾਂਤ ਪਹਲੀ ਪਾਤਸ਼ਾਹੀ ਵਲੋਂ ਸਿਖਾਇਆ ਹੋਇਆ ਸਚ ਹੈ । ਇਹ ਸਚ ਕੇਵਲ ਸਿਧਾਂਤਾਂ ਤਕ ਹੀ ਸੀਮਤ ਨਹੀ ਰਿਹਾ ਇਸ ਦਾ ਪ੍ਰੈਕਟੀਕਲ ਰੂਪ ਵੀ ਦਿਖਾਇਆ ਗਿਆ ਸੀ। ਸਿਖ ਧਰਮ ਵਿਚ ਸਹਾਦਤਾਂ ਦੀ ਲੜੀ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਸ਼ੁਰੂ ਹੁੰਦੀ ਹੈ ਅਤੇ ਦੂਸਰੇ ਸ਼ਹੀਦੀ ਪ੍ਰਾਪਤ ਕਰਨ ਵਾਲੇ ਨੌਵੇਂ ਗੁਰੂ ਜੀ ਸਨ ਜੋ ਸਿਖੀ ਸਿਧਾਂਤ ਨੂੰ ਅਰਪਿਤ ਸਨ ਅਤੇ ਇਨਾਂ ਸਿਧਾਂਤਾਂ ਦੀ ਰਾਖੀ ਖਾਤਿਰ ਸਵੈ ਕੁਰਬਾਨ ਕਰ ਗਏ ਸਨ।

ਇਹ ਸ਼ਹਾਦਤਾਂ ਜ਼ੁਲਮ ਦੇ ਵਿਰੁਧ ਸਨ ਅਤੇ ਕਿਸੇ ਮਨੁਖ ਜਾਂ ਧਰਮ ਦੇ ਵਿਰੁਧ ਨਹੀਂ ਸਨ। ਇਹ ਸ਼ਹੀਦੀ ਦਾ ਮਹਾਨ ਸਿਧਾਂਤ ਹੌਲੀ ਹੌਲੀ ਜਨ ਸਧਾਰਣ ਦੀ ਚੇਤਨਾ ਵਿਚ ਸ਼ਾਮਿਲ ਹੋਣ ਲੱਗਾ ਅਤੇ ਆਮ ਲੋਕ ਜ਼ੁਲਮ ਨੂੰ ਭਾਣਾ ਮੰਨ ਲੈਣ ਤੋਂ ਇਨਕਾਰ ਕਰਨ ਲੱਗ ਪਏ। ਸਿਖ ਕੇਵਲ ਧਾਰਮਿਕ ਆਜ਼ਾਦੀ ਖਾਤਿਰ ਹੀ ਨਹੀ ਸਗੋਂ ਹੋਰ ਤਰਾਂ ਦੇ ਜੁਲਮਾਂ, ਆਰਥਿਕ ਅਤੇ ਸਮਾਜਿਕ ਕਿਸਮ ਦੀਆਂ ਵਧੀਕੀਆਂ ਨੂੰ ਸਹਣ ਤੋਂ ਵੀ ਇਨਕਾਰੀ ਹੋ ਗਏ।

ਸਿਖੀ ਸੋਚ ਦੇ ਧਾਰਨੀ ਇਸ ਵਿਸ਼ਵਾਸ ਵਿਚ ਯਕੀਨ ਰਖਦੇ ਹਨ ਕਿ ਸ਼ਹੀਦ ਹੋਣ ਲਈ ਯੋਗ ਹੋਣਾ ਵੀ ਜਰੂਰੀ ਹੈ । ਮੌਤ ਅਤੇ ਜਿੰਦਗੀ ਦੇ ਅਰਥਾਂ ਵਿਚ ਫਰਕ ਨਾ ਸਮਝਣ ਵਾਲੇ ਹੀ ਸਿਖ ਧਰਮ ਵਿਚ ਸ਼ਹੀਦ ਸਮਝੇ ਜਾਂਦੇ ਹਨ । ਸਿਖ ਧਰਮ ਅੰਦਰ ਸਹਾਦਤ ਦੇ ਕੇ ਹੋਰ ਲੋਕਾਂ ਲਈ ਆਦਰਸ਼ ਬਣ ਜਾਣਾ ਅਤੇ ਸਮਾਜ ਦੇ ਵਿਚ ਖੁਸ਼ੀਆਂ ਤੇ ਖੇੜੇ ਪ੍ਰਦਾਨ ਕਰਨਾ ਪ੍ਰਵਾਨ ਹੈ।

ਦਸਵੇਂ ਗੁਰੂ, ਬਾਜਾਂ ਵਾਲੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਅਨੁਸਾਰ ਉਸ ਮੌਤ ਨੂੰ ਮਹਾਨ ਦਸਿਆ ਗਿਆ ਹੈ ਜੇਹੜੀ ਆਜ਼ਾਦੀ ਦੀ ਲੜਾਈ ਲੜਦੇ ਹੋਏ ਅਤੇ ਸਿਰ ਉਚਾ ਰਖਦੇ ਹੋਏ ਆ ਜਾਵੇ । ਉਨਾਂ ਨੇ ਆਪਣੇ ਸ਼ਬਦਾਂ ਵਿਚ ਇਸ ਤਰਾਂ ਲਿਖਿਆ ਹੈ ਕਿ -

ਸਵੈਯਾ ॥
ਹੇ ਰਵਿ ਹੇ ਸਸਿ ਹੇ ਕਰੁਨਾਨਿਧ ਮੇਰੀ ਅਬੈ ਬਿਨਤੀ ਸੁਨਿ ਲੀਜੈ॥
ਅਉਰ ਨ ਮਾਂਗਤ ਹਉ ਤੁਮ ਤੇ ਕਛੁ ਚਾਹਤ ਹਉ ਚਿਤ ਮੈ ਸੋਈ ਕੀਜੈ ॥
ਸ਼ਤ੍ਰਨ ਸਿਉ ਅਤਿ ਹੀ ਰਨ ਭੀਤਰ ਜੂਝ ਮਰੋ ਕਹਿ ਸਾਚ ਪਤੀਜੈ॥
ਸੰਤ ਸਹਾਇ ਸਦਾ ਜਗ ਮਾਇ ਕ੍ਰਿਪਾ ਕਰਿ ਸਯਾਮ ਇਹੈ ਬਰੁ ਦੀਜੈ ॥੧੯੦੦॥

ਇਸ ਲਈ ਜਰੂਰਤ ਹੈ ਜਜ਼ਬੇ ਦੀ ,ਹਿੰਮਤ ਦੀ, ਠੋਸ ਅਤੇ ਨੇਕ ਸਿਧਾਂਤ ਦੀ,ਉਸ ਸਿਧਾਂਤ ਉਪਰ ਸੁਹਿਰਦ ਯਤਨਾਂ ਦੀ ਅਤੇ ਉਦੇਸ਼ ਦੀ ਪ੍ਰਾਪਤੀ ਲਈ ਕੀਤੇ ਅਮਲ ਦੀ ਇਕਸੁਰਤਾ ਦੀ । ਜੇ ਕਰ ਕਿਸੇ ਥਾਂ ਵੀ ਕਮੀ ਹੋਵੇ ਉਸ ਨੂੰ ਪੂਰਿਆਂ ਕਰਨ ਦੀ ਵੀ ਸਖਤ ਲੋੜ ਹੁੰਦੀ ਹੈ। ਜਦੋਂ ਮਨੁਖ ਸੁਹਿਰਦ ਯਤਨ ਕਰਦਾ ਹੈ ਅਰਥਾਤ ਕਫਨ ਸਿਰ ਤੇ ਬੰਨ ਕੇ ਨਿਸ਼ਾਨਾ ਮਿਥ ਲੈਂਦਾ ਹੈ ਤਾਂ ਜਿਤਾ ਉਸ ਦੇ ਕਦਮ ਚੁਮਣ ਲਈ ਵੀ ਤਿਆਰ ਹੋ ਜਾਂਦੀਆਂ ਹਨ। ਜੇ ਕਰ ਰਸਤਾ ਠੀਕ ਚੁਣਿਆ ਜਾਵੇ ਅਤੇ ਨਿਸ਼ਾਨਾ ਸੇਧਿਆ ਵੀ ਦਰੁਸਤ ਹੋਵੇ ਤਾਂ ਪਰਮਾਤਮਾ ਵੀ ਹਕ ਵਿਚ ਇਕ ਧਿਰ ਬਣ ਜਾਂਦਾ ਹੈ ਅਤੇ ਜੇ ਕਰ ਪਰਮਾਤਮਾ ਦੀ ਨਜਰ ਸਵੱਲੀ ਹੋਵੇ ਤਾਂ ਉਸ ਨੂੰ ਹਰਾ ਸਕਣ ਵਾਲਾ ਕੋਈ ਵੀ ਮਾਈ ਦਾ ਲਾਲ ਨਹੀਂ ਹੋ ਸਕਦਾ। ਇਸ ਲਈ ਹਰ ਨਾਨਕ ਨਾਮ ਲੇਵਾ ਦਾ ਇਹ ਫਰਜ਼ ਬਣ ਜਾਂਦਾ ਹੈ ਕਿ ਓਹ ਜੋਰ ਜਬਰ ਦੇ ਖਿਲਾਫ਼ ਅਵਾਜ਼ ਬੁਲੰਦ ਕਰੇ ਅਤੇ ਹਰ ਸਮੇਂ ਨਾ ਇਨਸਾਫੀ ਦਾ ਮੁਕਾਬਲਾ ਕਰਨ ਖਾਤਿਰ ਤਿਆਰ ਰਹੇ।

ਘੋਲੀਏ ਦਾ ਦੇਵ - ਮੇਰਾ 'ਢੋਲ ਪ੍ਰਦੇਸੀ'

ਜਗਤਾਰ ਸਿੰਘ ਗਿੱਲ, ਫਰੀਮਾਂਟ
(ਪਿੰਡ ਪੁਰਾਣੇ ਵਾਲਾ, ਮੋਗਾ) 408-857-4455

ਪਰਮਾਤਮਾ ਜਦੋਂ ਕਿਸੇ ਤੇ ਖਾਸ ਮਿਹਰਬਾਨ ਹੁੰਦਾ ਹੈ ਤਾਂ ਉਸ ਇਨਸਾਨ ਨੂੰ ਰਹਿਮਤਾਂ ਦੇ ਗੱਫੇ ਬਖਸ਼ ਦਿੰਦਾ ਹੈ। ਉਹ ਰਹਿਮਤਾਂ ਦਾ ਇਨਸਾਨ ਨੂੰ ਤਾਂ ਪਤਾ ਵੀ ਨਹੀਂ ਹੁੰਦਾ ਪਰ ਸਮਾਂ ਪਾ ਕੇ ਉਹ ਉਜਾਗਰ ਹੋ ਜਾਂਦੀਆਂ ਹਨ। ਕਿਸੇ ਨੂੰ ਬਖਸ਼ੀ ਹੋਣ. ਕਲਾ ਸਮੇਂ ਸਮੇਂ ਨਾਲ ਪੁੰਗਰਦੀ ਤੇ ਵਿਕਸਤ ਹੁੰਦੀ ਰਹਿੰਦੀ ਹੈ ਤੇ ਇਕ ਦਿਨ ਉਹ ਜੱਗ ਜ਼ਾਹਿਰ ਹੋ ਜਾਂਦੀ ਹੈ। ਇਹ ਗੱਲ ਮੇਰੇ ਅਤੇ ਦੇਵ ਘੋਲੀਏ ਤੇ ਤਾਂ ਜ਼ਿਆਦਾ ਹੀ ਲਾਗੂ ਹੁੰਦੀ ਹੈ। ਸਾਡੀ ਕਾਮਯਾਬੀ ਵਿਚ ਬਹੁਤ ਸਾਰੀਆਂ ਸਮਾਨਤਾਵਾਂ ਹਨ। ਅਮੀਰੀ 'ਚ ਤਾਂ ਚੋਜ਼ ਕਰਦੇ ਬਥੇਰੇ ਵੇਖੇ ਹੋਣਗੇ ਪਰ ਅਸੀਂ ਗਰੀਬੀ ਵੀ ਕੱਠਿਆਂ ਨੇ ਹੰਢਾਈ ਹੈ, ਚੋਜ਼ ਵੀ ਬਥੇਰੇ ਕੀਤੇ ਹਨ।

1980-81 ਤੋਂ ਅਸੀਂ ਇਕ ਦੂਜੇ ਦੇ ਬਹੁਤ ਹੀ ਚੰਗੇ ਦੋਸਤ ਹਾਂ ਤੇ ਇਹੀ ਦੋਸਤੀ ਇਕ ਨਾਟਕ ਵਾਂਗ ਰਿਸ਼ਤੇਦਾਰੀ ਵਿਚ ਬਦਲੀ ਹੈ। ਫਰਿਜ਼ਨੋ ਦੇ ਪਾਸ ਸ਼ਹਿਰ ਮਡੇਰਾ ਦੇ ਫਾਰਮਾਂ 'ਚ ਅਸੀਂ ਕੱਠਿਆਂ ਨੇ ਕੰਮ ਕੀਤਾ ਹੈ। ਹੋਰ ਵੀ ਕਾਫੀ ਪੰਜਾਬੀ ਹੁੰਦੇ ਸਨ। ਦੇਵ ਨੂੰ ਗਾਉਣ ਦਾ ਬਹੁਤ ਸ਼ੌਂਕ ਹੈ ਤੇ ਮੇਰੇ ਤਕਰੀਬਨ ਉਸ ਸਮੇਂ ਦੇ ਸਾਰੇ ਗੀਤ ਜ਼ੁਬਾਨੀ ਯਾਦ ਹਨ। ਚਾਹ ਰੋਟੀ ਖਾਣ ਸਮੇਂ ਅਸੀਂ ਦੇਵ ਨੂੰ ਕੋਈ ਨਾ ਕੋਈ ਗੀਤ ਸੁਣਾਉਣ ਨੂੰ ਕਹਿ ਦੇਵਾਂ। ਜੇ ਉਸਦੇ ਪੂਰਾ ਯਾਦ ਹੋਣਾ ਤਾਂ ਉਹਨੇ ਕਹਿਣਾ ਬਾਈ ਇਹ ਤੋਂ ਅਗਲਾ ਟੱਪਾ ਦੱਸੀਂ। ਇਉਂ ਅਸੀਂ ਸਾਰਿਆਂ ਦਾ ਜੀਅ ਲਵਾਈ ਰੱਖਣਾ ਸਾਰਿਆਂ ਦੇ ਦਿਨ ਤੀਆਂ ਵਰਗੇ ਨਿਕਲਦੇ ਸਨ। ਜੇ ਕਦੇ ਦੇਵ ਨੇ ਨਾ ਆਉਣਾ ਤਾਂ ਮਾਹੌਲ ਠੰਡਾ ਰਹਿੰਦਾ ਸੀ।

ਦੀਦਾਰ ਸੰਧੂ ਦਾ ਗੀਤ-ਬੰਦ ਪਿਆ ਦਰਵਾਜ਼ਾ, ਜਿਉਂ ਫਾਟਕ ਕੋਟਕਪੂਰੇ ਦਾ, ਦੇਵ ਦਾ ਮਨਭਾਉਂਦਾ ਗੀਤ ਸੀ ਤੇ ਅਖੀਰਲੇ ਟੱਪੇ 'ਚ ਉਹ ਆਪਣਾ ਨਾਂ ਆਪ ਹੀ ਲੈ ਕੇ ਬਹੁਤ ਖੁਸ਼ ਹੁੰਦਾ ਸੀ। ''ਦੇਵ ਘੋਲੀਏ ਵਾਂਗ ਨੀ ਉਹ ਧਰਮ-ਰਾਜ ਬਣ ਬਹਿੰਦਾ ਸੀ।'' ਦੀਦਾਰ ਦੇ ਚਾਰ ਟੱਪਿਆਂ ਨਾਲ ਆਪ ਵੀ ਇਕ ਦੋ ਟੱਪੇ ਜੋੜ ਕੇ ਉਸੇ ਤਰਜ਼ 'ਚ ਸੁਣਾ ਦਿੰਦਾ ਸੀ। ਇਉਂ ਲੱਗਦਾ ਸੀ ਕਿ ਇਹ ਟੱਪੇ ਲਿਖੇ ਦੀਦਾਰ ਦੇ ਹਨ ਪਰ ਗੀਤ ਲੰਬਾ ਹੋਣ ਦੇ ਡਰੋਂ ਪਾਏ ਨਹੀਂ। ਇਹ ਪਰਮਾਤਮਾ ਦੀ ਬਖਸ਼ਿਸ਼ ਦਾ ਭੇਦ ਅੱਜ ਸਾਹਮਣੇ ਆਇਆ ਹੈ। ਉਦੋਂ ਦੇਵ ਅੰਦਰ ਲੇਖਕ ਬਣਨ ਦੀ ਕਲਾ ਸੰਘਰਸ਼ ਕਰ ਰਹੀ ਸੀ, ਜੋ ਅੱਜ ਰੂਪਮਾਨ ਹੋ ਕੇ ਇਕ ਕਿਤਾਬ ਦੇ ਰੂਪ ਵਿਚ ਸਾਡੇ ਸਾਹਮਣੇ ਹੈ- ''ਢੋਲ ਪ੍ਰਦੇਸੀ- ਦੇਵ ਘੋਲੀਆ''

ਬਲਬੀਰ ਸਿੰਘ ਐਮ. ਏ. ਦੇ 'ਪਰਦੇਸ ਟਾਇਮਜ਼' ਪੇਪਰ ਨੇ ਸਾਨੂੰ ਦੋਹਾਂ ਨੂੰ ਇਕ ਨਿੱਗਰ ਪਲੇਟਫਾਰਮ ਦਿੱਤਾ ਹੈ। ਅਸੀਂ ਚੰਗਾ ਲਿਖ ਕੇ ਪੇਪਰ ਦੇ ਨਾਮ ਨੂੰ ਚਾਰ ਚੰਨ ਲਾਏ ਹਨ। ਅੱਠ ਸਾਲਾਂ ਵਿਚ ਸਾਡੀ ਇਕ ਵੀ ਲਿਖਤ 'ਤੇ ਉਂਗਲ ਨਹੀਂ ਉਠੀ। ਬਲਬੀਰ ਸਿੰਘ ਹੋਰਾਂ ਨੇ ਸਾਨੂੰ ਚੰਗਾ ਲਿਖਣ ਦੇ ਵੱਲ ਵੀ ਸਿਖਾਏ ਤੇ ਥੋੜ੍ਹਾ ਤੇ ਵਧੀਆ ਲਿਖਣ ਲਈ ਕਿਹਾ ਜੋ ਸਾਡੇ ਅੱਜ ਵੀ ਲੜ ਬੱਧਾ ਹੋਇਆ ਹੈ। ਦੇਵ ਦੀਦਾਰ ਸੰਧੂ ਦੀ ਲਿਖਤ ਤੋਂ ਬਹੁਤ ਪ੍ਰਭਾਵਿਤ ਸੀ। ਦੀਦਾਰ ਮੇਰਾ ਦੋਸਤ ਸੀ ਤੇ ਮੈਂ ਦੇਵ ਨਾਲ ਵਾਅਦਾ ਕੀਤਾ ਸੀ ਕਿ ਤੈਨੂੰ ਦੀਦਾਰ ਸੰਧੂ ਦਾ ਸ਼ਾਗਿਰਦ ਬਣਾਉਣਾ ਹੈ ਪਰ ਦੀਦਾਰ ਦੀ ਬੇਵਕਤੀ ਮੌਤ ਨੇ ਇਹ ਸੁਪਨਾ ਪੂਰਾ ਨਾ ਹੋਣ ਦਿੱਤਾ।

ਦੇਵ ਦੀਆਂ ਇਕ-ਦੋ ਮੁਲਾਕਾਤਾਂ ਬਾਬੂ ਸਿੰਘ ਮਾਨ ਮਰਾੜਾਂ ਵਾਲੇ ਨਾਲ ਵੀ ਰਾਜਿੰਦਰਾ ਕਾਲਜ 'ਚ ਪੜ੍ਹਦੇ ਸਮੇਂ ਹੋਈਆਂ ਸਨ। ਦੇਵ ਉਦੋਂ ਛੋਟਾ ਸੀ ਪਰ ਮਾਨ ਨੇ ਸਰਸਰੀ ਦੋ-ਚਾਰ ਨੁਕਤੇ ਸਮਝਾ ਦਿੱਤੇ ਜੋ ਦੇਵ ਲਈ ਸੋਨੇ 'ਤੇ ਸੁਹਾਗੇ ਵਾਲਾ ਕੰਮ ਕਰ ਗਏ। ਪਾਲੀ ਪਾਣੀ ਖੂਹ ਤੋਂ ਭਰੇ ਵਾਲੇ ਗੁਰਪਾਲ ਪਾਲ ਕੋਲ ਮਾਨ ਮਰਾੜਾਂ ਵਾਲਾ ਘੋਲੀਏ, ਦੇਵ ਦੇ ਪਿੰਡ ਅਕਸਰ ਆਉਂਦਾ ਰਹਿੰਦਾ ਸੀ। ਦੇਵ ਨੇ ਆਪਣੇ ਲਿਖੇ ਗੀਤ ਮਾਨ ਤੋਂ ਸੁਧਵਾਈ ਕਰਵਾਈ। ਉਸ ਤੋਂਬਅਦ ਦੇਵ ਨੇ ਮਾਨ ਨੂੰ ਆਪਣਾ ਪ੍ਰੇਰਨਾ ਸਰੋਤ ਮੰਨ ਲਿਆ ਤੇ ਅੱਜ ਆਪਣਾ ਗੁਰੂ ਵੀ ਮਾਨ ਨੂੰ ਹੀ ਮੰਨਦਾ ਹੈ। ਇਹ ਗੱਲ ਜਲਦੀ ਹੀ ਸੱਚੀ ਹੋਣ ਵਾਲੀ ਹੈ- ਗੁਰੂ ਜਿਹਨਾਂ ਦੇ ਟੱਪਣੇ ਚੇਲੇ ਜਾਣ ਛੜੱਪ।

1989 ਵਿਚ ਦੇਵ ਦੀ ਸ਼ਾਦੀ ਮੇਰੀ ਰਿਸ਼ਤੇਦਾਰੀ ਵਿਚ ਮੇਰੇ ਮਾਮੇ ਦੀ ਕੁੜੀ ਪਰਮ ਜੋ ਕਿ ਸਵੱਦੀ ਵਿਆਹੀ ਹੋਈ ਐ, ਦੀ ਬੇਟੀ ਨਿਰਮਲਜੀਤ ਜਿਸਨੂੰ ਅਸੀਂ ਪਿਆਰ ਨਾਲ ਰਾਣੀ ਕਹਿੰਦੇ ਹਾਂ, ਨਾਲ ਹੋਈ ਹੈ। ਵੇਖ-ਵਿਖਾਈ ਇਕ ਗੁਰੂ ਘਰ ਵਿਚ ਹੋਈ। ਮੇਰੇ ਮਾਮੇ ਦੀ ਕੁੜੀ ਨੇ ਵੈਸੇ ਹੀ ਕਹਿ ਦਿੱਤਾ- ਮੇਰਾ ਵੀਰ ਵੀ ਕੈਲੇਫੋਰਨੀਆ 'ਚ ਐ ਪੁਰਾਣੇ ਵਾਲੇ ਤੋਂ- ਦੇਵ ਨੇ ਕਹਿ ਦਿੱਤਾ ਕਿਤੇ ਜਗਤਾਰ ਤਾਂ ਨਹੀਂ। ਹਾਂ ਜਗਤਾਰ ਹੀ ਹੈ ਮੇਰੀ ਭੂਆ ਦਾ ਪੁੱਤ। ਦੇਵ ਨੇ ਝੱਟ ਫੋਨ ਮੈਨੂੰ ਘੁੰਮਾ ਲਿਆ- ਸੁੱਖ ਬਾਂਦ ਵੀ ਨੀ ਪੁੱਛੀ ਜਿਵੇਂ ਵਿਆਹ

ਦੀ ਤੇਜ਼ੀ ਹੋਵੇ- ਉਏ ਬਾਈ ਤੁਹਾਡੀ ਸਵੱਦੀ ਕੀ ਸਕੀਰੀ ਐ। ਮੈਂ ਕਿਹਾ ਮੇਰੇ ਮਾਮੇ ਦੀ ਕੁੜੀ ਵਿਆਹੀ ਹੈ- ਤੇਰੀ ਭਾਣਜੀ ਨਾਂਲ ਮੇਰੇ ਵਿਆਹ ਦੀ ਗੱਲ ਚੱਲ ਰਹੀ ਹੈ- ਹਾਂ ਕਰ ਦਿਆਂ?

ਮੈਂ ਹੱਸ ਕੇ ਕਿਹਾ- 'ਤੇਰੇ ਧੰਨ ਭਾਗ ਐ।' ਉਸਨੇ ਖੁਸ਼ ਹੋ ਕੇ ਫੋਨ ਮੇਰੀ ਭੈਣ ਪਰਮ ਨੂੰ ਫੜਾ ਦਿੱਤਾ- ਵੀਰੇ ਕਿਵੇਂ ਐ ਪਰਿਵਾਰ, ਹਾਂ ਕਰ ਦੇਈਏ। ਮੈਂ ਹਾਸੇ ਵਿਚ ਕਿਹਾ- ਭੈਣੇ ਇਹ ਮੁੰਡਾ ਤਾਂ ਨਿਕੰਮਾ ਹੈ, ਪੇਪਰ ਵੀ ਹੈ ਨੀ। ਉਹ ਠੰਡੀ ਜਿਹੀ ਹੋ ਕੇ ਕਹਿੰਦੀ- ਵੀਰੇ ਮੁੰਡਾ ਸੋਹਣਾ ਬਹੁਤ ਹੈ ਤੇ ਲੱਗਦਾ ਵੀ ਚੰਗੇ ਖਾਨਦਾਨ ਦਾ ਐ- ਮੇਰਾ ਹਾਸਾ ਨਿਕਲ ਗਿਆ। ਮੈਂ ਕਿਹਾ ਏਦੂੰ ਵਧੀਆ ਖਾਨਦਾਨ ਮਿਲ ਨਹੀਂ ਸਕਦਾ। ਮੈਂ ਘਰੇ ਗਿਆ ਹੋਇਆ ਹਾਂ। ਮੇਰੇ ਕਹਿਣ ਤੇ ਝੱਟ ਸ਼ਗਨ ਉਥੇ ਹੀ ਪੈ ਗਿਆ। ਮੈਨੂੰ ਫੋਨ 'ਤੇ ਉਦੋਂ ਹੀ ਵਧਾਈਆਂ ਮਿਲ ਗਈਆਂ। ਬੇਸ਼ੱਕ ਦੱਸ ਕਿਸੇ ਹੋਰ ਨੇ ਹੀ ਪਾਈ ਸੀ ਪਰ ਮੇਰੇ ਨਾਨਕਿਆਂ ਵਾਲੇ ਮੈਨੂੰ ਵੀ ਵਿਚੋਲਾ ਮੰਨਦੇ ਹਨ। ਮੈਂ ਤਾਂ ਸਹੀ ਸਹੀ ਦੱਸਿਆ ਸੀ ਪਰ ਦੇਵ ਨੇ ਇਕ ਫਰਜ਼ੀ ਵਿਚੋਲੇ ਵਾਲੇ ਗੁਣ ਮੁੰਡੇ 'ਚ ਦੱਸ ਕੇ ਇਕ ਹਾਸਰਸ ਵਿਅੰਗ ਲਿਖ ਦਿੱਤਾ-

ਪਿੰਡ 'ਘੋਲੀਏ' ਦੇ 'ਦੇਵ' ਦੀ ਸੀ ਗੱਲ ਮੈਂ ਸੁਣਾਈ
ਪੜ੍ਹ ਲਿਖ ਕੇ ਪੜ੍ਹਾਈ ਉਹਨੇ ਖੂਹ ਦੇ ਵਿਚ ਪਾਈ
ਬਿਨਾਂ ਗੱਲ ਤੋਂ ਹੀ ਲੈਂਦਾ ਹੁਣ ਮੁੱਲ ਦੀ ਲੜਾਈ
ਉਹਨੂੰ ਰੋਕਿਆ ਬਥੇਰਾ ਉਹਨੂੰ ਸਮਝ ਨਾ ਆਈ
ਉਹਦਾ ਚੰਦਰਾ 'ਵਿਚੋਲਾ' ਜੀਹਨੇ ਰੱਖਿਆ ਸੀ ਓਹਲਾ
ਕਿਸੇ ਗੱਲ ਦੀ ਨਾ ਕੱਢੀ ਕੋਈ ਭਾਫ ਹਾਨੜੇ (ਕੁੜੀ ਕੀ ਕਹਿੰਦੀ)

- ਮੇਰਾ ਵੱਡਾ ਵੀਰ ਗਿੱਲ ਉਹਦਾ ਸਾਫ ਬੜਾ ਦਿਲ
ਉਹਨੇ ਰੱਖਿਆ ਨਾ ਓਹਲਾ- ਬੜਾ ਚੰਗਾ ਦੇਵ ਢੋਲਾ- ਰਹੇ ਜਿਉਂਦਾ ਵਿਚੋਲਾ

ਦੇਵ ਨੇ ਕਿਤਾਬ ਵਿਚ ਤਕਰੀਬਨ ਹਰੇਕ ਵਿਸ਼ੇ ਨੂੰ ਬੜੀ ਹੀ ਬਾਖੂਬੀ ਨਾਲ ਪੇਸ਼ ਕੀਤਾ ਹੈ- ਕੁਝ ਧਾਰਮਿਕ ਪੱਖ-

(1) ਅੱਜ ਪੰਜ ਕੱਕੇ ਤਾਂ ਬਣ ਗਏ ਨੇ ਜਿੰਦ ਜਾਨ ਖਾਲਸੇ ਦੀ
ਤਾਹੀਉਂ ਵੈਰੀ ਪਿੱਛੇ ਹਟਦਾ ਵੇਖ ਕ੍ਰਿਪਾਨ ਖਾਲਸੇ ਦੀ।
(2) ਮਾੜੀ ਕਿਸਮਤ ਸਾਡੀ ਤੇ ਸਾਥੋਂ ਖੁਸ ਗਿਆ ਨਨਕਾਣਾ
(3) ਕੁੱਲ ਦੁਨੀਆਂ ਤਾਰਨ ਆਇਆ ਨੀ ਮੇਰਾ ਬਾਬਾ ਨਾਨਕ

(4) ਖੜ੍ਹਕੇ ਦੁਨੀਆਂ ਦੇਖੂਗੀ, ਜਦ ਸੱਜ ਕੇ ਤੁਰਨਗੇ ਪੰਜ ਪਿਆਰੇ
(5) ਸਰਹੰਦ ਦੀਆਂ ਕੰਧਾਂ ਬੋਲਦੀਆਂ।
ਸਭ ਨੇ ਜਾਮ ਸ਼ਹਾਦਤ ਪੀਤਾ

ਸੂਰਬੀਰਾਂ ਦੀਆਂ ਵਾਰਾਂ ਵੀ ਬੜੇ ਹੀ ਕਮਾਲ ਨਾਲ ਲਿਖੀਆਂ ਹਨ, ਜਿਹਨਾਂ ਨੂੰ ਪੜ੍ਹ ਕੇ ਜੋਸ਼ ਆਉਂਦਾ ਹੈ-

(1) ਵਾਰ ਦੇਣ ਜੋ ਜਾਨਾਂ ਦੇਸ ਤੋਂ
ਮਰਕੇ ਵੀ ਫਿਰ ਜਿਉਂਦੇ
ਜੱਗ ਪਿਆ ਗੱਲਾਂ ਕਰਦਾ
ਮੇਲੇ ਮੜੀਆਂ ਤੇ ਜਦ ਲਾਉਂਦੇ
ਪਾਉਂਦਾ ਦੇਵ ਘੋਲੀਏ ਵਾਲਾ ਵੀ
ਗਲ ਹਾਰ ਸਰਾਭੇ ਨੂੰ
ਦੁਨੀਆ ਝੁਕ ਝੁਕ ਕਰੇ ਸਲਾਮਾਂ
ਅੱਜ ਕਰਤਾਰ ਸਰਾਭੇ ਨੂੰ।
ਡੂੰਘੀ ਸੋਚ ਦਾ ਮਾਲਕ ਸੀ
ਪਰ ਸੋਚ ਪੂਰੀ ਨਾ ਹੋਈ
ਇਕ ਵਾਰ ਤਾਂ ਪਾ ਫੇਰਾ
ਹੱਥ ਜੋੜ ਕਰਾਂ ਅਰਜੋਈ
ਅੱਜ ਫਿਰ ਦੇਵ ਘੋਲੀਏ ਦਾ
ਤੈਨੂੰ ਕਰਦਾ ਰੋਜ਼ ਸਲਾਮਾਂ
ਭਗਤ ਸਿੰਘ ਸਰਦਾਰ ਸੂਰਮੇ
ਤੈਨੂੰ ਕਿੱਦਾਂ ਮੈਂ ਭੁੱਲ ਜਾਵਾਂ

ਦੇਵ ਘੋਲੀਏ ਵਾਲਾ
ਅੱਜ ਫਿਰ ਦੱਸੇ
ਵਾਰਤਾ ਸਾਰੀ
ਇੱਕੀ ਸਾਲ
ਤਪੱਸਿਆ ਪਿੱਛੋਂ
ਗੋਲੀ ਡਾਇਰ ਦੇ
ਮਾਰੀ
ਕਾਹਦੀ ਮਿਲੀ
ਤਰੱਕੀ
ਗੋਰਾ ਤੁਰ ਪਿਆ
ਜਾਨ ਗਵਾ ਕੇ
ਊਧਮ ਸਿੰਘ ਸਰਦਾਰ ਨੇ ਬਦਲਾ
ਲੈ ਲਿਆ ਲੰਡਨ ਜਾ ਕੇ।

ਪਤੀ-ਪਤਨੀ ਦੇ ਪਿਆਰ ਦੀ ਨੋਕ-ਝੋਕ ਜਿਸ ਵਿਚ ਪਤੀ ਚੁਸਤੀ ਚਲਾਕੀ ਕਰਨ ਦੀ ਕੋਸ਼ਿਸ਼ ਕਰਦਾ ਹੈ ਪਰ ਪਤਨੀ ਤਰੀਕੇ ਨਾਲ ਸਮਝਾਉਂਦੀ ਹੈ-

ਰੋਕਿਆ ਬਥੇਰਾ ਨਾ ਤੂੰ ਹਟਿਆ
ਕਿਹੜੀ ਤੈਨੂੰ ਮਾਰ ਵਗ ਗਈ
ਜਿਹੜੇ ਪੜਿਆ ਸਕੂਲ ਤੋਂ ਤੂੰ ਮੱਖਣਾ
ਮੈਂ ਉਸੇ 'ਚ ਪੜਾਉਣ ਲੱਗ ਗਈ।

ਪਿੰਡ ਘੋਲੀਏ ਵਾਲਾ
ਜੇ ਮੇਰਾ ਬਣਜੇ ਕਿਤੇ ਪ੍ਰਾਹੁਣਾ
ਤੇ ਇਹ ਪਿੰਡ ਗਿੱਲਾਂ ਦੇ
ਇੱਥੇ ਵਿਆਹ ਕਰਾਉਣਾ।

ਤੇਰੀ ਸੱਜ ਵਿਆਹੀ ਥੱਕ ਗਈ
ਤੈਨੂੰ ਮਿੰਨਤਾਂ ਕਰ ਕਰ ਹਾਰ ਚੰਨਾ
ਹੁਣ ਕਿਹੜਿਆਂ ਰੰਗਾਂ ਵਿਚ ਰਹਿਨੈਂ ਵੇ
ਤੂੰ ਲੈਂਦਾ ਨਾ ਕੋਈ ਸਾਰ ਚੰਨਾ।
ਲੈ ਕੇ ਆ ਗਿਆ ਦੁਨਾਲੀ ਸੁੱਚਾ ਸੂਰਮਾ
ਤੇ ਵੀਰੋ ਵਾਲੇ ਫੱਟੇ ਚੱਕ ਤੇ
ਘੋੜੀ, ਘਰ ਦੀ ਸ਼ਰਾਬ ਬਾਰਾਂ ਬੋਰ ਦੀ
ਤਿੰਨੇ ਹਿੱਸੇ ਆਈਆਂ ਜੱਟ ਦੇ।

ਪੁਸਤਕ ਜਲਦੀ ਹੀ ਤੁਹਾਡੇ ਹੱਥਾਂ ਵਿਚ ਹੋਵੇਗੀ। ਜਦ ਕਿਸੇ ਵੀ ਗੀਤਕਾਰ ਦੀ ਕਿਤਾਬ ਆ ਜਾਂਦੀ ਹੈ ਤਾਂ ਗਾਇਕ ਗੀਤ ਰਿਕਾਰਡ ਕਰਾਉਣ ਲੱਗ ਪੈਂਦੇ ਹਨ। ਗੁਰਲੇਜ ਅਖਤਰ ਨੇ ਸ਼ੁਰੂਆਤ ਕਰ ਵੀ ਦਿੱਤੀ ਹੈ।

ਬੜੀ ਹੈਰਾਨੀ ਹੁੰਦੀ ਤੇ ਜਦੋਂ ਹੈਲੋਆਖ ਬੁਲਾਉਂਦਾ ਨੀ
ਇਕ ਅੱਲੜ੍ਹ ਉਮਰ ਦਾ ਗੱਭਰੂ ਮੇਰੇ ਨਿੱਤ ਸੁਪਨੇ ਵਿਚ ਆਉਂਦਾ ਨੀ

ਤੂੰਬੀ ਵਾਲੇ ਉੱਚ ਕੋਟੀ ਦੇ ਗਾਇਕ ਨਜ਼ੀਰ ਮੁਹੰਮਦ ਨਾਲ ਚਾਰ ਗੀਤਾਂ ਬਾਰੇ ਗੱਲ ਹੋ ਗਏ ਹੈ ਜੋ ਦੋਗਾਣੇ ਹਨ, ਸਿਰਫ ਫਰਜ਼ੀ ਪੇਪਰ ਵਰਕ ਬਾਕੀ ਹੈ। ਜਲਦੀ ਹੀ ਗੀਤ ਰਿਕਾਰਡ ਹੋਣਗੇ। ਹੋਰ ਕਲਾਕਾਰ ਵੀ ਜਲਦੀ ਹੀ ਗੀਤ ਕਰਾਉਣਗੇ। ਦੇਵ ਦੀ ਪਹਿਲੀ ਕਿਤਾਬ ਲਈ ਉਸਨੂੰ ਬਹੁਤ ਬਹੁਤ ਮੁਬਾਰਕਾਂ। ਅੱਗੇ ਤੋਂ ਹੋਰ ਵੀ ਬਹੁਤ ਉਮੀਦਾਂ ਹਨ। ਪਰਮਾਤਮਾ ਇਸਦੀ ਕਲਮ ਨੂੰ ਹੋਰ ਵੀ ਭਾਗ ਲਾਵੇ। ਉਪਰ ਤਾਂ ਸਿਰਫ ਗੀਤਾਂ ਦੀ ਵੰਨਗੀਆਂ ਹਨ, ਅਸਲੀ ਨਜ਼ਾਰਾ ਕਿਤਾਬ ਪੜ੍ਹ ਕੇ ਉਸ ਤੋਂ ਜ਼ਿਆਦਾ ਗੀਤ ਗਾ ਕੇ ਸੁਣ ਕੇ ਆਵੇਗਾ।

ਗੁਰਦੇਵ ਗਿੱਲ ਤੋਂ ਬਣਿਆ 'ਢੋਲ ਪ੍ਰਦੇਸੀ'
ਤਾਹੀਉਂ ਨਾਮ ਦੇਵ ਘੋਲੀਆ ਜੱਚਦਾ ਏ।

ਦੇਵ ਘੋਲੀਏ ਦਾ ਫੋਨ ਨੰਬਰ
(559-232-7764)

PAMMA
LAW FIRM
Sukhraj S. Pamma
Attorney At Law
pammalaw@gmail.com

BABEL
IMMIGRATION LAW, LLP
Magda Tatiana Reyes
Attorney At Law/ Abogada
treyes.babelimmigrationlaw@gmail.com

ਇੰਮੀਗ੍ਰੇਸ਼ਨ ਦੇ ਕਿਸੇ ਵੀ ਕੰਮ ਲਈ ਸੰਪਰਕ ਕਰੋ
Ph 530-329-8424 Fax 530-777-3900
855 Harter Parkway, Suite 305 Yuba City, CA 95993

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
TAX-INDIVIDUAL FAMILY, BUSINESS, TRUCKING, BOOKKEEPING ACCOUNTS, PAY-ROLLS & INCORPORATION, INSURANCE LIFE Only-Agent. NOTARY, REAL ESTATE (SVA), EX-PECTING REFUND : GET MONEY BACK FAST!
E.A.
Open 7 Days
Weekends/Evenings
(Year Round Service)
Resonalbe Rates
Call for Appointment

CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com

ਕੀ ਹੈ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪਿਛੋਕੜ?

ਸ਼ਿੰਗਾਰਾ ਸਿੰਘ ਭੁੱਲਰ

ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਮੋਢੀ ਪ੍ਰਧਾਨ ਸ਼ਾਮ ਸਿੰਘ ਦੇ ਪਿੱਛੇ ਜਿਹੇ ਹੋਏ ਦਿਹਾਂਤ ਨੂੰ ਲੈ ਕੇ ਚਰਚਾ ਵਿੱਚ ਹੈ। ਵਜ੍ਹਾ ਇਹ ਕਿ ਸ਼ਾਮ ਸਿੰਘ ਨੇ ਇਸ ਕਮੇਟੀ ਦੀ ਲੰਬੇ ਸਮੇਂ ਤਕ ਜ਼ਿੰਮੇਵਾਰੀ ਨਿਭਾਉਂਦਿਆਂ ਖਸਤਾਹਾਲ ਹੋ ਚੁੱਕੇ ਅਤੇ ਹੋ ਰਹੇ ਗੁਰਦੁਆਰਿਆਂ ਦੀ ਨਾ ਕੇਵਲ ਪੂਰੀ ਤਨਦੇਹੀ ਨਾਲ ਸੇਵਾ-ਸੰਭਾਲ ਕੀਤੀ ਸਗੋਂ ਇਨ੍ਹਾਂ ਨੂੰ ਅੰਦਰੋਂ-ਬਾਹਰੋਂ ਨਵਾਂ ਰੂਪ ਦੇਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ। ਸ਼ਾਇਦ ਇਸੇ ਲਈ ਹੁਣ ਵੱਖ ਵੱਖ ਮੌਕਿਆਂ ਉੱਤੇ ਦੇਸ਼ਾਂ-ਵਿਦੇਸ਼ਾਂ ਤੋਂ ਜਿਹੜੇ ਸਿੱਖ ਜਥੇ ਕੁਝ ਖ਼ਾਸ ਮੌਕਿਆਂ 'ਤੇ ਪਾਕਿਸਤਾਨ ਆਉਂਦੇ ਰਹਿੰਦੇ ਹਨ, ਉਨ੍ਹਾਂ ਵਿੱਚ ਸ਼ਰਧਾਲੂਆਂ ਦੀ ਗਿਣਤੀ ਕਈ ਗੁਣਾਂ ਵਧ ਗਈ ਹੈ। ਸਾਫ਼ ਹੈ ਕਿ ਪਹਿਲਾਂ ਸ਼ਰਧਾਲੂਆਂ ਨੂੰ ਜਿੱਥੇ ਅਜਿਹੇ ਮੌਕਿਆਂ 'ਤੇ ਰਿਹਾਇਸ਼, ਲੰਗਰ ਅਤੇ ਹੋਰ ਸਹੂਲਤਾਂ ਦੀ ਥੁੜ ਭਾਸਦੀ ਸੀ, ਹੁਣ ਉਹ ਕੁਝ ਨਹੀਂ ਰਿਹਾ ਸਗੋਂ ਸ਼ਰਧਾਲੂਆਂ ਲਈ ਕੁਝ ਹੋਰ ਗੁਰਦੁਆਰਿਆਂ ਦੇ ਦਰਸ਼ਨ ਵੀ ਸੰਭਵ ਹੋ ਗਏ ਹਨ। ਉਂਜ ਇਹ ਵੀ ਇਤਫ਼ਾਕ ਹੈ ਕਿ ਸ਼ਾਮ ਸਿੰਘ ਪੀਐਸਜੀਪੀਸੀ ਦੇ ਪਹਿਲੇ ਪ੍ਰਧਾਨ ਸਨ ਅਤੇ ਹੁਣ ਜਦੋਂ ਉਨ੍ਹਾਂ ਨੇ ਸਵਾਸ ਤਿਆਗੇ ਤਾਂ ਉਸ ਵੇਲੇ ਵੀ ਉਹ ਇਸੇ ਕਮੇਟੀ ਦੇ ਪ੍ਰਧਾਨ ਸਨ। ਉਹ ਬੁਨਿਆਦੀ ਤੌਰ 'ਤੇ ਉਦਾਰਵਾਦੀ ਵਿਚਾਰਾਂ ਦੇ ਸਿੱਖ ਆਗੂ ਸਨ ਅਤੇ ਉਨ੍ਹਾਂ ਨੇ ਪਾਕਿਸਤਾਨ ਵਿੱਚ ਰਹਿ ਰਹੇ ਸਿੱਖਾਂ ਦੀ ਆਭਾ ਚਮਕਾਉਣ ਲਈ ਸਰਕਾਰ ਤੋਂ ਪੂਰਾ-ਪੂਰਾ ਸਹਿਯੋਗ ਲਿਆ।

ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਸਲ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਰਜ਼ 'ਤੇ ਹੋਂਦ ਵਿੱਚ ਆਈ। ਜ਼ਾਹਿਰ ਹੈ ਇਸ ਦਾ ਕੰਮ ਮੋਟੇ ਤੌਰ 'ਤੇ ਪਾਕਿਸਤਾਨ ਦੇ ਗੁਰਦੁਆਰਿਆਂ ਦੀ ਠੀਕ ਤਰ੍ਹਾਂ ਸਾਂਭ-ਸੰਭਾਲ ਕਰਨਾ ਅਤੇ ਕਰਵਾਉਣਾ ਹੈ। ਇੱਕ ਅਨੁਮਾਨ ਅਨੁਸਾਰ ਇਸ ਵੇਲੇ ਪੂਰੇ ਪਾਕਿਸਤਾਨ ਵਿੱਚ ਲਗਪਗ ਚਾਰ ਸੌ ਗੁਰਦੁਆਰੇ ਹਨ। ਸਭ ਤੋਂ ਵੱਧ ਗੁਰਦੁਆਰੇ ਨਨਕਾਣਾ ਸਾਹਿਬ ਵਿੱਚ ਹਨ ਜੋ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ ਹੈ। ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਦਫ਼ਤਰ ਲਾਹੌਰ ਵਿੱਚ ਹੈ ਅਤੇ ਪ੍ਰਧਾਨ ਤੋਂ ਬਿਨਾਂ ਇੱਕ ਇਸ ਦੀ ਕਾਰਜਕਾਰੀ ਕਮੇਟੀ ਵੀ ਹੈ।

ਪਾਕਿਸਤਾਨ ਸਿੱਖ ਗੁਰਦੁਆਰਾ ਕਮੇਟੀ ਨੂੰ ਹੋਂਦ ਵਿੱਚ ਆਇਆਂ ਲਗਪਗ ਦੋ ਦਹਾਕੇ ਹੋ ਚਲੇ ਹਨ। ਇਸ ਦੇ ਪਿਛੋਕੜ ਦੀ ਕਹਾਣੀ ਵੀ ਬੜੀ ਦਿਲਚਸਪ ਹੈ। ਮੁਲਕ ਦੀ ਵੰਡ ਵੇਲੇ ਉਥੇ ਵਸਦੇ ਬਹੁਤ ਸਾਰੇ ਸਿੱਖ ਪਰਿਵਾਰਾਂ ਨੂੰ ਏਧਰ ਆਉਣਾ ਪਿਆ। ਇਸ ਲਈ ਦੇਸ਼-ਵਿਦੇਸ਼ ਦੇ ਸਿੱਖ ਅੱਜ ਵੀ ਅਰਦਾਸ ਵੇਲੇ ਇਹ ਜੋਦੜੀ ਜ਼ਰੂਰ ਕਰਦੇ ਹਨ ਕਿ ਉੱਧਰ ਰਹਿ ਗਏ ਗੁਰਦੁਆਰਿਆਂ ਦੇ ਦਰਸ਼ਨ ਅਤੇ ਸਾਂਭ-ਸੰਭਾਲ ਦੀ ਸੇਵਾ ਸਿੱਖ ਨੂੰ ਬਖ਼ਸ਼ੇ ਕਿਉਂਕਿ ਬਹੁਤੇ ਸਿੱਖਾਂ ਦੇ ਉੱਧਰ ਨਾ ਰਹਿਣ ਕਰਕੇ ਬਹੁਤ ਸਾਰੇ ਗੁਰਦੁਆਰਿਆਂ ਦੀ ਹਾਲਤ ਤਰਸਯੋਗ ਹੋਣ ਲੱਗੀ ਸੀ। ਉਸ ਵੇਲੇ ਬਿਨਾਂ ਸ਼ੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੰਮ ਕਰ ਰਹੀ ਸੀ, ਇਸ ਲਈ ਇਸ ਨੇ ਆਪਣੀ ਨਿਗਰਾਨੀ ਹੇਠ ਚਾਰ ਖ਼ਾਸ ਮੌਕਿਆਂ 'ਤੇ ਉੱਧਰ ਸਿੱਖ ਸ਼ਰਧਾਲੂ ਭੇਜਣੇ ਸ਼ੁਰੂ ਕੀਤੇ। ਮਕਸਦ ਏਨਾ ਹੀ ਸੀ ਕਿ ਚਲੋ ਇਨ੍ਹਾਂ ਮੌਕਿਆਂ 'ਤੇ ਇਹ ਗੁਰਦੁਆਰੇ ਸਿੱਖ ਸ਼ਰਧਾਲੂਆਂ ਲਈ ਖੋਲ੍ਹ ਦਿੱਤੇ ਜਾਇਆ ਕਰਨਗੇ ਅਤੇ ਇੰਜ ਹੋਣ ਵੀ ਲੱਗਾ। ਇਨ੍ਹਾਂ ਮੌਕਿਆਂ ਤੋਂ ਬਿਨਾਂ ਬਾਕੀ ਸਾਰਾ ਸਮਾਂ ਗੁਰਦੁਆਰਿਆਂ ਦੇ ਕਿਵਾੜ ਬੰਦ ਰਹਿੰਦੇ ਸਨ। ਨਾ ਉਹ ਖੁੱਲ੍ਹਦੇ ਅਤੇ ਨਾ ਹੀ ਕੋਈ ਉਨ੍ਹਾਂ ਦੀ ਸਫ਼ਾਈ ਕਰਵਾਉਂਦਾ। ਅਜਿਹੀਆਂ ਇਮਾਰਤਾਂ ਦੀ ਹੋਣੀ ਦਾ ਅਨੁਮਾਨ ਭਲੀ-ਭਾਂਤ ਲਾਇਆ ਜਾ ਸਕਦਾ ਹੈ। ਹਾਂ, ਇਨ੍ਹਾਂ ਮੌਕਿਆਂ 'ਤੇ ਸ਼੍ਰੋਮਣੀ ਕਮੇਟੀ ਦੇ ਆਪਣੇ ਕੁਝ ਮੁਲਾਜ਼ਮ ਵੀ ਜਾਂਦੇ ਜੋ ਇਨ੍ਹਾਂ ਗੁਰਦੁਆਰਿਆਂ ਦੀ ਸਾਫ਼-ਸਫ਼ਾਈ ਤਾਂ ਕਰਾਉਂਦੇ ਪਰ ਜੋ ਚੜ੍ਹਾਵਾ ਚੜ੍ਹਦਾ, ਉਹ ਸਭ ਅੰਮ੍ਰਿਤਸਰ ਲੈ ਆਉਂਦੇ। ਇਸ ਦੇ ਟਾਕਰੇ 'ਤੇ ਸਿੱਖ ਯਾਤਰੂਆਂ ਨੂੰ ਰਿਹਾਇਸ਼, ਲੰਗਰ ਤੇ ਹੋਰ ਸਹੂਲਤਾਂ ਨਾਂ-ਮਾਤਰ ਹੀ ਹੁੰਦੀਆਂ। ਇਨ੍ਹਾਂ ਨਾਕਸ ਪ੍ਰਬੰਧਾਂ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਦੀ ਤਿੱਖੀ ਆਲੋਚਨਾ ਵੀ ਹੁੰਦੀ ਸੀ। ਸਿੱਖ ਸ਼ਰਧਾਲੂ ਅਜਿਹੀਆਂ ਥੁੜ੍ਹਾਂ 'ਤੇ ਉਂਗਲ ਰੱਖਦੇ ਪਰ ਪਾਕਿਸਤਾਨ ਸਰਕਾਰ ਚੁੱਪ ਰਹਿੰਦੀ।

ਪਹਿਲਾਂ-ਪਹਿਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ, ਵਿਸਾਖੀ, ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮੌਕੇ ਸ਼੍ਰੋਮਣੀ ਕਮੇਟੀ ਆਪਣੀ ਨਿਗਰਾਨੀ ਹੇਠ ਜਥੇ ਭੇਜਦੀ। ਹੌਲੀ-ਹੌਲੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇੱਕ ਅੱਧੀ ਹੋਰ ਸੰਸਥਾ ਤੋਂ ਬਿਨਾਂ ਵਿਦੇਸ਼ਾਂ ਵਿੱਚੋਂ ਵੀ ਵੱਡੀ ਗਿਣਤੀ ਵਿੱਚ ਸਿੱਖ ਸ਼ਰਧਾਲੂ ਇੱਥੇ ਨਤਮਸਤਕ ਹੋਣ ਲਈ ਆਉਂਦੇ। ਇੰਨੇ ਸਿੱਖ ਸ਼ਰਧਾਲੂਆਂ ਲਈ ਸੁਚੱਜੇ ਪ੍ਰਬੰਧਾਂ ਦੀ ਲੋੜ ਸੀ। ਸ਼੍ਰੋਮਣੀ ਕਮੇਟੀ ਨੇ ਇਹ ਮਸਲਾ ਪਾਕਿਸਤਾਨ ਸਰਕਾਰ ਦੇ ਧਿਆਨ ਵਿੱਚ ਕਈ ਵਾਰ ਲਿਆਂਦਾ ਵੀ ਪਰ ਅੱਗੋਂ ਇਸ ਨੂੰ ਜਵਾਬ ਮਿਲਿਆ ਕਿ ਚੜ੍ਹਾਵਾ ਤਾਂ ਉਹ ਲੈ ਜਾਂਦੀ ਹੈ, ਪ੍ਰਬੰਧ ਪਾਕਿਸਤਾਨ ਸਰਕਾਰ ਕਿਉਂ ਕਰੇ? ਬੀਬੀ ਜਗੀਰ ਕੌਰ ਦੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹੋਣ ਸਮੇਂ ਦੋਹਾਂ ਧਿਰਾਂ ਵਿੱਚ ਇਸ ਮੁੱਦੇ ਨੂੰ ਲੈ ਕੇ ਕੁਝ ਮਤਭੇਦ ਵੀ ਵਧ ਗਏ ਅਤੇ ਨੌਬਤ ਇਹ ਆ ਪੁੱਜੀ ਕਿ ਸ਼੍ਰੋਮਣੀ ਕਮੇਟੀ ਨੇ ਉਪਰੋਕਤ ਮੌਕਿਆਂ 'ਤੇ ਜਥੇ ਭੇਜਣੋਂ ਨਾਂਹ ਕਰ ਦਿੱਤੀ। ਸ਼੍ਰੋਮਣੀ ਕਮੇਟੀ ਦੀ ਰਾਇ ਸੀ ਕਿ ਇਨ੍ਹਾਂ ਗੁਰਦੁਆਰਿਆਂ ਦੇ ਨਾਂ ਬੇਹਿਸਾਬੀਆਂ ਜ਼ਮੀਨਾਂ-ਜਾਇਦਾਦਾਂ ਹਨ, ਇਸ ਲਈ ਇਨ੍ਹਾਂ ਦੀ ਸਾਂਭ-ਸੰਭਾਲ ਅਤੇ ਸਿੱਖ ਸ਼ਰਧਾਲੂਆਂ ਨੂੰ ਸਹੂਲਤਾਂ ਦੀ ਪੂਰੀ-ਪੂਰੀ ਜ਼ਿੰਮੇਵਾਰੀ ਪਾਕਿਸਤਾਨ ਸਰਕਾਰ ਦੀ ਬਣਦੀ ਹੈ ਪਰ ਉਹ ਇਹ ਦਲੀਲ ਸੁਣਨ ਨੂੰ ਹੀ ਤਿਆਰ ਨਹੀਂ ਸੀ। ਉਸ ਵੇਲੇ ਪਾਕਿਸਤਾਨ ਵਿੱਚ ਫ਼ੌਜੀ ਰਾਜ ਸੀ ਅਤੇ ਜਨਰਲ ਜ਼ਿਆ ਉਲ ਹੱਕ ਹਕੂਮਤ ਚਲਾ ਰਹੇ ਸਨ। ਇਸੇ ਦੌਰਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਜਥੇ ਭੇਜਣੇ ਜਾਰੀ ਰੱਖੇ। ਉਸ ਸਮੇਂ ਦਿੱਲੀ ਕਮੇਟੀ ਦੇ ਪ੍ਰਧਾਨ ਅਤੇ ਦਿੱਲੀ ਅਕਾਲੀ ਦਲ ਦੇ ਪ੍ਰਧਾਨ ਵੀ ਪਰਮਜੀਤ ਸਿੰਘ ਸਰਨਾ ਸਨ। ਉਹ ਗੱਲਬਾਤ ਕਰਨ ਦੇ ਮਾਹਿਰ ਹਨ। ਇਸ ਤੋਂ ਪਹਿਲਾਂ ਵੀ ਇੱਕ ਦੋ ਜਥਿਆਂ ਵੇਲੇ ਉਨ੍ਹਾਂ ਨੇ ਰਸਮੀ ਤੌਰ 'ਤੇ ਜਨਰਲ ਜ਼ਿਆ ਉਲ ਹੱਕ ਨਾਲ ਚੰਗਾ ਰਾਬਤਾ ਬਣਾ ਲਿਆ ਸੀ। ਇਹ ਪਰਮਜੀਤ ਸਿੰਘ ਸਰਨਾ ਦਾ ਉਨ੍ਹਾਂ ਨੂੰ ਦਿੱਤਾ ਗਿਆ ਸੁਝਾਅ ਹੀ ਸੀ ਕਿ ਉਹ ਵੀ ਪਾਕਿਸਤਾਨ ਵਿਚਲੇ ਸਿੱਖ ਗੁਰਧਾਮਾਂ ਦੀ ਸਾਂਭ-ਸੰਭਾਲ ਲਈ ਉਸੇ ਤਰ੍ਹਾਂ ਇੱਕ ਸਿੱਖ ਪ੍ਰਬੰਧਕ ਕਮੇਟੀ ਬਣਾ ਲਵੇ ਜਿਵੇਂ ਪੰਜਾਬ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੈ ਅਤੇ ਦਿੱਲੀ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹੈ। ਸ਼ਾਇਦ ਜਨਰਲ ਹੱਕ ਨੂੰ ਇਹ ਦਲੀਲ ਪਸੰਦ ਆ ਗਈ। ਉਨ੍ਹਾਂ ਨੇ ਉਸੇ ਵੇਲੇ ਔਕਾਫ਼ ਬੋਰਡ ਨੂੰ ਇਸ ਕਮੇਟੀ ਦੀ ਰੂਪ-ਰੇਖਾ ਤਿਆਰ ਕਰਨ ਲਈ ਕਹਿ ਦਿੱਤਾ। ਚੇਤੇ ਰਹੇ ਔਕਾਫ਼ ਬੋਰਡ ਪੰਜਾਬ ਵਿਚਲੇ ਵਕਫ਼ ਬੋਰਡ ਵਰਗਾ ਹੈ ਜੋ ਉੱਥੇ ਘੱਟ ਗਿਣਤੀਆਂ ਦੇ ਰਹਿ ਗਏ ਧਾਰਮਿਕ ਸਥਾਨਾਂ ਦੀ ਦੇਖ-ਭਾਲ ਦਾ ਕੰਮ ਕਰਦਾ ਹੈ।

ਸਰਨਾ ਨੇ ਜਨਰਲ ਜ਼ਿਆ ਉਲ ਹੱਕ ਦੇ ਪਾਲੇ ਵਿੱਚ ਗੇਂਦ ਠੇਲ੍ਹ ਦਿੱਤੀ ਸੀ ਜਿਹੜੀ ਆਖ਼ਰ ਕਾਮਯਾਬ ਹੋ ਗਈ। ਇਸ ਕਮੇਟੀ ਦਾ ਮੁੱਢਲਾ ਨਾਂ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖਿਆ ਗਿਆ। ਮਗਰੋਂ ਫਿਰ ਪਰਮਜੀਤ ਸਿੰਘ ਸਰਨਾ ਦੇ ਕਹਿਣ 'ਤੇ ਇਸ ਵਿੱਚ ਸਿੱਖ ਸ਼ਬਦ ਜੋੜ ਕੇ ਇਸ ਨੂੰ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨਾਂ ਦੇ ਦਿੱਤਾ ਗਿਆ। ਇਸੇ ਦੌਰਾਨ ਜਦੋਂ ਜਥੇਦਾਰ ਅਵਤਾਰ ਸਿੰਘ ਮੱਕੜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ ਤਾਂ ਉਸ ਵੇਲੇ ਤਕ ਇਨ੍ਹਾਂ ਪਵਿੱਤਰ ਮੌਕਿਆਂ ਉੱਤੇ ਸ਼ਰਧਾਲੂਆਂ ਦੇ ਜਥੇ ਫਿਰ ਜਾਣੇ ਸ਼ੁਰੂ ਹੋ ਗਏ ਸਨ। ਇੱਕ ਗੱਲ ਸਪਸ਼ਟ ਹੈ ਕਿ ਹੁਣ ਪਹਿਲਾਂ ਦੇ ਟਾਕਰੇ 'ਤੇ ਰਿਹਾਇਸ਼ੀ ਅਤੇ ਹੋਰ ਸਹੂਲਤਾਂ ਵਿੱਚ ਬਿਨਾਂ ਸ਼ੱਕ ਵਾਧਾ ਹੋਇਆ ਹੈ। ਇਸ ਲਈ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਯਕੀਕਨ ਚੰਗੀ ਭੂਮਿਕਾ ਨਿਭਾਈ ਹੈ।

ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜ਼ਿੰਮੇਵਾਰੀ ਭਾਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀ ਤਾਂ ਨਹੀਂ ਫਿਰ ਵੀ ਇਸ ਨੇ ਪਾਕਿਸਤਾਨ ਵਿੱਚ ਵੱਖ ਵੱਖ ਥਾਵਾਂ 'ਤੇ ਰਹਿੰਦੇ ਸਿੱਖ ਪਰਿਵਾਰਾਂ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਸਰਕਾਰ ਕੋਲੋਂ ਵਿਸ਼ੇਸ਼ ਸਹਿਯੋਗ ਲਿਆ ਹੈ ਅਤੇ ਇਨ੍ਹਾਂ ਦੇ ਹਿੱਤਾਂ ਦੀ ਜਿੱਥੇ ਤਕ ਸੰਭਵ ਹੋ ਸਕਿਆ ਹੈ, ਰਾਖੀ ਕੀਤੀ ਹੈ।

ਇੱਥੇ ਇਹ ਜ਼ਿਕਰਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਆਪਣੇ ਅਧਿਕਾਰ ਖੇਤਰ ਵਿੱਚ ਇੱਕ ਤਾਂ ਵਿੱਦਿਅਕ ਅਦਾਰੇ ਅਤੇ ਤਕਨੀਕੀ ਸੰਸਥਾਵਾਂ ਹਨ ਜਿਨ੍ਹਾਂ ਨੂੰ ਬਿਹਤਰ ਢੰਗ ਨਾਲ ਚਲਾਉਣ ਦੀ ਜ਼ਿੰਮੇਵਾਰੀ ਇਨ੍ਹਾਂ ਵੱਲੋਂ ਹੀ ਨਿਭਾਈ ਜਾਂਦੀ ਹੈ। ਇਹ ਦੋਵੇਂ ਕਮੇਟੀਆਂ ਆਪਣੇ ਅਧਿਕਾਰ ਖੇਤਰ ਵਿੱਚ ਸਾਰੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਵੀ ਕਰਦੀਆਂ ਹਨ ਅਤੇ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਯਤਨਸ਼ੀਲ ਹਨ। ਇਹ ਦੋਵੇਂ ਕਮੇਟੀਆਂ ਪੰਜਾਬੋਂ ਅਤੇ ਦੇਸ਼ੋਂ ਬਾਹਰ ਬੈਠੇ ਸਿੱਖਾਂ ਦੀਆਂ ਵੱਖ ਵੱਖ ਸਮੱਸਿਆਵਾਂ ਹੱਲ ਕਰਵਾਉਣ ਲਈ ਵੀ ਪੂਰੀ ਤਨਦੇਹੀ ਨਾਲ ਕੰਮ ਕਰ ਰਹੀਆਂ ਹਨ। ਇਹ ਜਾਣਕਾਰੀ ਤਾਂ ਨਹੀਂ ਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਕੁਝ ਸਿੱਖ ਸਕੂਲ ਜਾਂ ਹੋਰ ਅਦਾਰੇ ਹਨ ਜਾਂ ਨਹੀਂ ਪਰ ਏਨਾ ਜ਼ਰੂਰ ਹੈ ਕਿ ਲਾਹੌਰ ਅਤੇ ਨਨਕਾਣਾ ਸਾਹਿਬ ਖ਼ਾਸ ਕਰਕੇ ਅਜਿਹੇ ਸ਼ਹਿਰ ਹਨ ਜਿੱਥੇ ਸਿੱਖਾਂ ਦੀ ਕੁਝ ਗਿਣਤੀ ਹੈ ਅਤੇ ਉੱਥੇ ਬੱਚਿਆਂ ਨੂੰ ਗੁਰਮੁਖੀ ਲਿਪੀ ਵਿੱਚ ਪੰਜਾਬੀ ਪੜ੍ਹਾਉਣ ਦਾ ਪ੍ਰਬੰਧ ਹੈ।

ਹੁਣ ਜਦੋਂ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੰਮ ਇੱਕ ਤਰ੍ਹਾਂ ਲੀਹੇ ਪੈ ਗਿਆ ਲਗਦਾ ਹੈ ਤਾਂ ਨੇੜੇ ਭਵਿੱਖ ਵਿੱਚ ਭਾਈ ਤਾਰਾ ਸਿੰਘ ਨੂੰ ਇਸ ਦਾ ਪੱਕਾ ਪ੍ਰਧਾਨ ਬਣਾ ਦਿੱਤਾ ਜਾਵੇਗਾ। ਉਹ ਚੂੰਕਿ ਪੜ੍ਹੇ-ਲਿਖੇ ਅਤੇ ਉਤਸ਼ਾਹੀ ਯੁਵਕ ਹਨ, ਇਸ ਲਈ ਉਹ ਪਾਕਿਸਤਾਨ ਵਿਚਲੇ ਸਿੱਖ ਗੁਰਦੁਆਰਿਆਂ ਦੀ ਸਾਂਭ-ਸੰਭਾਲ ਭਾਈ ਸ਼ਾਮ ਸਿੰਘ ਦੇ ਕਦਮਾਂ 'ਤੇ ਤੁਰਦਿਆਂ ਨਿਭਾਉਣਗੇ ਸਗੋਂ ਹੌਲੀ ਹੌਲੀ ਸਿੱਖ ਸੰਗਤਾਂ ਲਈ ਕੁਝ ਹੋਰ ਗੁਰਦੁਆਰਿਆਂ ਦੇ ਦਰਸ਼ਨ ਕਰਨੇ ਵੀ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਨਗੇ ਜਿਹੜੇ ਅਜੇ ਤਕ ਮੰਗ ਦੇ ਬਾਵਜੂਦ ਨਹੀਂ ਖੋਲ੍ਹੇ ਗਏ।

ਕੋਹਿਨੂਰ ਹੀਰੇ ਦਾ ਖ਼ੂਨੀ ਇਤਿਹਾਸ

ਕੋਹਿਨੂਰ 1256 ਦੇ ਲਗਪਗ ਆਂਧਰਾ ਪ੍ਰਦੇਸ਼ ਦੇ ਗੁੰਟੂਰ ਜ਼ਿਲ੍ਹੇ ਦੀਆਂ ਕੋਲੂਰ ਖਾਣਾਂ ਵਿੱਚੋਂ ਮਿਲਿਆ ਸੀ। ਖੁਦਾਈ ਵੇਲੇ ਇਸ ਦਾ ਕੁੱਲ ਭਾਰ 158.6 ਗ੍ਰਾਮ ਸੀ ਜੋ ਹੁਣ 21.1204 ਗ੍ਰਾਮ ਰਹਿ ਗਿਆ ਹੈ। ਇਹ 100 ਫ਼ੀਸਦੀ ਪਾਰਦਰਸ਼ੀ ਉੱਚਤਮ ਗੁਣਵੱਤਾ ਦਾ ਹੀਰਾ ਹੈ। ਸ਼ੁਰੂ ਵਿੱਚ ਇਹ ਵਾਰੰਗਲ (ਤਿਲੰਗਾਨਾ) ਦੇ ਕੈਕਾਤੀਆ ਵੰਸ਼ ਦੇ ਕਬਜ਼ੇ ਵਿੱਚ ਸੀ। 14ਵੀਂ ਸਦੀ ਵਿੱਚ ਦਿੱਲੀ ਦੇ ਬਾਦਸ਼ਾਹ ਅਲਾਉਦੀਨ ਖਿਲਜੀ ਦੇ ਜਨਰਲ ਕਾਫੂਰ ਨੇ ਦੱਖਣੀ ਭਾਰਤ 'ਤੇ ਧਾਵੇ ਕਰਨੇ ਸ਼ੁਰੂ ਕਰ ਦਿੱਤੇ। ਉਸ ਨੇ 1310 ਵਿੱਚ ਵਾਰੰਗਲ 'ਤੇ ਕਬਜ਼ਾ ਕਰ ਲਿਆ। ਲੁੱਟ ਦੇ ਮਾਲ ਵਿੱਚ ਉਸ ਨੂੰ ਕੋਹਿਨੂਰ ਵੀ ਪ੍ਰਾਪਤ ਹੋਇਆ। ਉਸ ਨੇ ਇੱਕ ਸ਼ਾਨਦਾਰ ਸਮਾਗਮ ਵਿੱਚ ਇਹ ਹੀਰਾ ਅਲਾਉਦੀਨ ਖਿਲਜੀ ਨੂੰ ਭੇਂਟ ਕੀਤਾ। ਇਸ ਤੋਂ ਬਾਅਦ ਇਹ ਦਿੱਲੀ ਸਲਤਨਤ ਦੇ ਵੱਖ-ਵੱਖ ਖਾਨਦਾਨਾਂ ਦੇ ਕਬਜ਼ੇ ਵਿੱਚ ਹੁੰਦਾ ਹੋਇਆ 1526 ਵਿੱਚ ਬਾਬਰ ਦੇ ਹੱਥ ਲੱਗ ਗਿਆ। ਇਸ ਨੂੰ ਵੱਖ ਵੱਖ ਸਮੇਂ ਵੱਖ ਵੱਖ ਨਾਵਾਂ ਨਾਲ ਪੁਕਾਰਿਆ ਜਾਂਦਾ ਸੀ, ਪਰ ਬਾਬਰ ਦੇ ਕਬਜ਼ੇ ਵਿੱਚ ਆਉਣ ਤੋਂ ਬਾਅਦ ਇਸ ਨੂੰ ਬਾਬਰ ਹੀਰਾ ਕਿਹਾ ਜਾਣ ਲੱਗਾ। ਬਾਬਰ ਅਤੇ ਉਸ ਦੇ ਪੁੱਤਰ ਹਮਾਯੂੰ ਨੇ ਆਪਣੀਆਂ ਲਿਖਤਾਂ ਵਿੱਚ ਇਸ ਹੀਰੇ ਦਾ ਵਰਨਣ ਕੀਤਾ ਹੈ। ਇਹ ਇਸ ਦਾ ਪਹਿਲਾ ਲਿਖਤੀ ਇਤਿਹਾਸਕ ਵਰਨਣ ਹੈ।

ਸ਼ਾਹਜਹਾਂ ਨੇ ਬਾਦਸ਼ਾਹ ਬਣਨ ਤੋਂ ਬਾਅਦ ਇਸ ਨੂੰ ਆਪਣੇ ਤਖ਼ਤ-ਏ-ਤਾਊਸ ਵਿੱਚ ਜੜਵਾ ਲਿਆ। 1658 ਵਿੱਚ ਸ਼ਾਹਜਹਾਂ ਨੂੰ ਕੈਦ ਕਰ ਕੇ ਔਰੰਗਜ਼ੇਬ ਨੇ ਭਾਰਤ ਅਤੇ ਕੋਹਿਨੂਰ, ਦੋਵਾਂ 'ਤੇ ਕਬਜ਼ਾ ਕਰ ਲਿਆ। ਔਰੰਗਜ਼ੇਬ ਦੇ ਰਾਜ ਸਮੇਂ ਇਸ ਦੀ ਪਹਿਲੀ ਵਾਰ ਕਟਾਈ ਅਤੇ ਪਾਲਿਸ਼ ਕਰਵਾਈ ਗਈ। ਇਸ ਲਈ ਵੀਨਿਸ (ਇਟਲੀ) ਦੇ ਜੌਹਰੀ ਹਾਰਟੈਂਜ਼ੋ ਬੋਰਗੀਆ ਨੂੰ ਚੁਣਿਆ ਗਿਆ। ਉਸ ਨੇ ਇਸ ਕੰਮ ਵਿੱਚ ਇੰਨੀ ਅਣਗਹਿਲੀ ਵਰਤੀ ਕਿ ਕੋਹਿਨੂਰ ਨੂੰ ਕੱਟ ਵੱਢ ਕੇ 158.6 ਗ੍ਰਾਮ ਤੋਂ 37.2 ਗ੍ਰਾਮ ਦਾ ਕਰ ਦਿੱਤਾ। ਕਟਾਈ ਤੋਂ ਬਾਅਦ ਹੀਰਾ ਔਰੰਗਜ਼ੇਬ ਨੂੰ ਪੇਸ਼ ਕੀਤਾ ਗਿਆ ਤਾਂ ਉਹ ਗੁੱਸੇ ਨਾਲ ਕੰਬਣ ਲੱਗਾ। ਵਿਦੇਸ਼ੀ ਹੋਣ ਕਾਰਨ ਬੋਰਗੀਆ ਦਾ ਸਿਰ ਤਾਂ ਕਲਮ ਹੋਣ ਤੋਂ ਬਚ ਗਿਆ, ਪਰ ਉਸ ਦੇ ਸੱਤ ਭਾਰਤੀ ਸਹਾਇਕਾਂ ਨੂੰ ਫਾਂਸੀ ਦੇ ਦਿੱਤੀ ਗਈ। ਬੋਰਗੀਆ ਨੂੰ 10,000 ਰੁਪਏ

(ਅੱਜ ਦੀ ਕੀਮਤ ਅਨੁਸਾਰ ਤਕਰੀਬਨ 90 ਲੱਖ ਰੁਪਏ) ਜੁਰਮਾਨਾ ਲਾਇਆ ਗਿਆ।

1739 ਵਿੱਚ ਸ਼ਾਹ ਇਰਾਨ, ਨਾਦਰ ਸ਼ਾਹ ਨੇ ਭਾਰਤ 'ਤੇ ਹਮਲਾ ਕਰ ਦਿੱਤਾ। ਉਸ ਨੇ ਮੁਗ਼ਲ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲਾ ਦੀ ਫ਼ੌਜ ਨੂੰ ਕਰਨਾਲ ਦੀ ਲੜਾਈ ਵਿੱਚ ਸ਼ਿਕਸਤ ਦੇ ਕੇ ਦਿੱਲੀ 'ਤੇ ਕਬਜ਼ਾ ਕਰ ਲਿਆ। ਕਹਿੰਦੇ ਹਨ ਕਿ ਰੰਗੀਲੇ ਨੇ ਕੋਹਿਨੂਰ ਨੂੰ ਨਾਦਰ ਸ਼ਾਹ ਤੋਂ ਬਚਾਉਣ ਖ਼ਾਤਰ ਆਪਣੀ ਪਗੜੀ ਵਿੱਚ ਛੁਪਾ ਲਿਆ ਸੀ। ਪਰ ਕਿਸੇ ਗੱਦਾਰ ਨੇ ਇਹ ਗੱਲ ਨਾਦਰ ਸ਼ਾਹ ਦੇ ਕੰਨੀਂ ਜਾ ਪਾਈ। ਦੋਵਾਂ ਧਿਰਾਂ ਵਿੱਚ ਸੰਧੀ ਹੋਣ ਤੋਂ ਬਾਅਦ ਨਾਦਰ ਸ਼ਾਹ ਨੇ ਪੱਗੜੀ ਵਟਾਉਣ ਦੇ ਬਹਾਨੇ ਆਪਣੀ ਪੱਗੜੀ ਰੰਗੀਲੇ ਦੇ ਸਿਰ 'ਤੇ ਅਤੇ ਕੋਹਿਨੂਰ ਸਮੇਤ ਰੰਗੀਲੇ ਦੀ ਪੱਗੜੀ ਆਪਣੇ ਸਿਰ 'ਤੇ ਰੱਖ ਲਈ। ਆਪਣੇ ਕੈਂਪ ਵਿੱਚ ਜਾ ਕੇ ਨਾਦਰ ਸ਼ਾਹ ਨੇ ਹੀਰਾ ਵੇਖਿਆ ਤਾਂ ਹੈਰਾਨੀ ਨਾਲ ਪੁਕਾਰ ਉੱਠਿਆ, 'ਕੋਹਿਨੂਰ' (ਮਤਲਬ ਰੌਸ਼ਨੀ ਦਾ ਪਹਾੜ)। ਇਸ ਤਰ੍ਹਾਂ ਕੋਹਿਨੂਰ ਨੂੰ ਪੱਕਾ ਨਾਂ ਪ੍ਰਾਪਤ ਹੋਇਆ। ਨਾਦਰ ਸ਼ਾਹ ਤਖ਼ਤ-ਏ-ਤਾਊਸ ਅਤੇ ਕੋਹਿਨੂਰ ਸਮੇਤ ਮੁਗ਼ਲਾਂ ਦੀਆਂ ਨੌਂ ਪੀੜ੍ਹੀਆਂ ਦਾ ਜੋੜਿਆ ਖ਼ਜ਼ਾਨਾ ਲੁੱਟ ਕੇ ਇਰਾਨ ਦੇ ਰਾਹ ਪੈ ਗਿਆ। ਇਸ ਲੁੱਟ ਨੇ ਇਰਾਨ ਨੂੰ ਇੰਨਾ ਅਮੀਰ ਕਰ ਦਿੱਤਾ ਕਿ ਨਾਦਰ ਸ਼ਾਹ ਨੇ ਪਰਜਾ ਦੇ ਹਰ ਪ੍ਰਕਾਰ ਦੇ ਟੈਕਸ ਤਿੰਨ ਸਾਲ ਲਈ ਮੁਆਫ਼ ਕਰ ਦਿੱਤੇ।

1747 ਵਿੱਚ ਨਾਦਰ ਸ਼ਾਹ ਦਾ ਕਤਲ ਕਰ ਦਿੱਤਾ ਗਿਆ ਤਾਂ ਕੋਹਿਨੂਰ ਉਸ ਦੇ ਜਰਨੈਲ ਅਹਿਮਦ ਸ਼ਾਹ ਅਬਦਾਲੀ ਦੇ ਕਬਜ਼ੇ ਵਿੱਚ ਆ ਗਿਆ ਜੋ ਬਾਅਦ ਵਿੱਚ ਅਫ਼ਗਾਨਿਸਤਾਨ ਦਾ ਬਾਦਸ਼ਾਹ ਬਣਿਆ। ਉਸ ਦੀ ਮੌਤ ਤੋਂ ਬਾਅਦ ਇਹ ਅਬਦਾਲੀ ਦੇ ਵਾਰਸ ਸ਼ਾਹ ਸੁਜਾ ਦੇ ਕਬਜ਼ੇ ਵਿੱਚ ਆ ਗਿਆ। ਮਹਿਮੂਦ ਸ਼ਾਹ ਵੱਲੋਂ ਤਖ਼ਤਾ ਪਲਟਣ ਤੋਂ ਬਾਅਦ ਸ਼ਾਹ ਸੁਜਾ ਭੱਜ ਕੇ ਲਾਹੌਰ ਆ ਗਿਆ। ਉਸ ਦੀ ਮਦਦ ਕਰਨ ਬਦਲੇ 1813 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਕੋਹਿਨੂਰ ਉਸ ਤੋਂ ਲੈ ਲਿਆ। ਮਹਾਰਾਜਾ ਰਣਜੀਤ ਸਿੰਘ ਇਸ ਹੀਰੇ ਨੂੰ ਆਪਣੇ ਡੌਲੇ 'ਤੇ ਬੰਨ੍ਹਦਾ ਸੀ। ਦੂਜੇ ਐਂਗਲੋ-ਸਿੱਖ ਯੁੱਧ ਤੋਂ ਬਾਅਦ 29 ਮਾਰਚ 1849 ਨੂੰ ਹੋਈ ਲਾਹੌਰ ਸੰਧੀ ਮੁਤਾਬਿਕ ਈਸਟ ਇੰਡੀਆ ਕੰਪਨੀ ਨੇ ਇਹ ਹੀਰਾ ਦਲੀਪ ਸਿੰਘ ਕੋਲੋਂ ਆਪਣੇ ਕਬਜ਼ੇ ਵਿੱਚ ਲੈ ਲਿਆ।

ਅਮਰੀਕਾ ਦੇ ਇਸ ਸ਼ਹਿਰ ਵਿਚ ਆਇਆ ਸੀ ਭੂਚਾਲ- ਅਜਿਹਾ ਲੱਗਿਆ ਜਿਵੇਂ ਪਰਮਾਣੂ ਬੰਬ ਫਟ ਗਿਆ ਹੋਵੇ

ਜਾਪਾਨ ਵਿਚ ਹਰ ਰੋਜ਼ ਛੋਟੇ ਤੋਂ ਵੱਡੇ ਭੂਚਾਲ ਹੁੰਦੇ ਹਨ। ਇਸ ਕਰਕੇ ਜਾਪਾਨ ਨੂੰ ਭੁਚਾਲਾਂ ਦੀ ਧਰਤੀ ਕਿਹਾ ਜਾਂਦਾ ਹੈ। ਪਰ ਹੋਰ ਥਾਵਾਂ ਤੇ ਵੀ ਅਜਿਹੇ ਭੂਚਾਲ ਆਉਂਦੇ ਹਨ। 18 ਅਪ੍ਰੈਲ 1906 ਨੂੰ ਸਵੇਰੇ ਕਰੀਬ 5.15 ਮਿੰਟ ਤੇ ਆਏ ਇਸ ਭੂਚਾਲ ਦੀ ਤੀਬਰਤਾ 7.8 ਸੀ। ਦਰਅਸਲ ਧਰਤੀ ਦੇ ਅੰਦਰ ਸੱਤ ਪਲੇਟਾਂ ਹਨ, ਜੋ ਲਗਾਤਾਰ ਘੁੰਮ ਰਹੀਆਂ ਹਨ। ਜਿੱਥੇ ਇਹ ਪਲੇਟਾਂ ਜ਼ਿਆਦਾ ਟਕਰਾਉਂਦੀਆਂ ਹਨ, ਉਹ ਜੋਨ ਫਾਲਟ ਲਾਈਨ ਕਹਾਉਂਦਾ ਹੈ। ਵਾਰ ਵਾਰ ਟਕਰਾਉਣ ਕਾਰਨ ਪਲੇਟਾਂ ਦੇ ਕੋਨੇ ਮੁੜਦੇ ਹਨ। ਜਦੋਂ ਜ਼ਿਆਦਾ ਦਬਾਅ ਬਣਦਾ ਹੈ ਤਾਂ ਪਲੇਟਾਂ ਟੁੱਟਣ ਲੱਗਦੀਆਂ ਹਨ। ਹੇਠਾਂ ਦੀ ਊਰਜਾ ਬਾਰ ਆਉਣ ਦਾ ਰਸਤਾ ਲੱਭਦੀ ਹੈ। ਡਿਸਟਰਬੈਂਸ ਤੋਂ ਬਾਅਦ

ਭੂਚਾਲ ਆਉਂਦਾ ਹੈ। ਭੂਚਾਲ ਦੇ 6 ਤੋਂ 6.9 ਦੀ ਤੀਬਰਤਾ ਕਾਰਨ ਮਕਾਨਾਂ ਦੀ ਨੀਂਹ ਖਿਸਕ ਸਕਦੀਹੈ। ਉਪਰਲੀ ਮੰਜ਼ਲ ਨੂੰ ਨੁਕਸਾਨ ਹੋ ਸਕਦਾ ਹੈ। 7 ਤੋਂ 7.9 ਪੈਮਾਨੇ ਤੇ ਇਮਾਰਤਾਂ ਡਿੱਗ ਜਾਂਦੀਆਂ ਹਨ। ਜ਼ਮੀਨ ਦੇ ਅੰਦਰ ਪਾਈਪ ਫਟ ਜਾਂਦੇ ਹਨ। 8 ਤੋਂ 8.9 ਪੈਮਾਨੇ ਤੇ ਇਮਾਰਤਾਂ ਨਾਲ ਵੱਡੇ ਪੁਲ ਵੀ ਡਿੱਗ ਜਾਂਦੇ ਹਨ ਅਤੇ ਸੁਨਾਮੀ ਦਾ ਖਤਰਾ ਵੱਧ ਜਾਂਦਾ ਹੈ। 9 ਤੋਂ ਉਪਰ ਤਾਂ ਪੂਰੀ ਤਬਾਹੀ ਮੱਚ ਜਾਂਦੀ ਹੈ। ਕੋਈ ਮੈਦਾਨ ਵਿਚ ਖੜ੍ਹਾ ਹੋਵੇ, ਉਸਨੂੰ ਵੀ ਧਰਤੀ ਲਹਿਰਾਉਂਦੀ ਦਿਸੇਗੀ। ਸਮੁੰਦਰ ਨਜ਼ਦੀਕ ਹੋਵੇ ਤਾਂ ਸੁਨਾਮੀ ਆਉਂਦੀ ਹੈ। ਭੂਚਾਲ ਵਿਚ ਰਿਕਟਰ ਪੈਮਾਨੇ ਦਾ ਹਰ ਸਕੇਲ ਪਿਛਲੇ ਸਕੇਲ ਦੇ ਮੁਕਾਬਲੇ 10 ਗੁਣਾਂ ਜ਼ਿਆਦਾ ਤਾਕਤਵਰ ਹੁੰਦਾ ਹੈ।

ਪਲ ਭਰ ਵਿਚ ਤੁਹਾਡੇ ਕੰਪਿਊਟਰ ਵਿਚੋਂ ਜਾਣਕਾਰੀ ਮਿਟਾ ਸਕਦੀਆਂ ਹਨ ਇਹ ਖੂਬਸੂਰਤ ਫੀਮੇਲ ਹੈਕਰਜ਼

ਹੈਕਰਜ਼ ਦਾ ਜ਼ਿਕਰ ਆਉਂਦੇ ਹੀ ਆਦਮੀ ਦਾ ਚਿਹਰਾ ਦਿਮਾਗ ਵਿਚ ਆ ਜਾਂਦਾ ਹੈ। ਪਰ ਦੁਨੀਆਂ ਵਿਚ ਕਈ ਅਜਿਹੇ ਫੀਮੇਲ ਹੈਕਰਜ਼ ਵੀ ਹਨ। ਕੁਝ ਬਹੁਤ ਪ੍ਰਸਿੱਧ ਅਤੇ ਕੁਝ ਆਪਣੇ ਕੰਮ ਦੇ ਲਈ ਬਦਨਾਮ ਹਨ। ਖੂਬਸੂਰਤੀ ਵਿਚ ਇਹ ਕਿਸੇ ਮਾਡਲ ਤੋਂ ਘੱਟ ਲਈਂ ਹੈ।

ਐਡੀਏਨਾ ਕਰੂਕ

ਜਦੋਂ ਐਡੀਏਨਾ ਦੇ ਦੋਸਤਨੇ ਉਹਨਾਂ ਦੀਆਂ ਕੁਝ ਨਿੱਜੀ ਤਸਵੀਰਾਂ ਇੰਟਰਨੈਟ 'ਤੇ ਪੈਸੇ ਕਮਾਉਣ ਦੇ ਲਈ ਲੀਕ ਕਰ ਦਿੱਤੀਆਂ ਤਾਂਐਡੀਐਨਾ ਨੇ ਸਾਇਬਰ ਸੇਲ ਵਿਚ ਜਾਣ ਦੀ ਜਗ੍ਹਾ ਖੁਦ ਉਹ ਵੈਬਸਾਈਟ ਹੀ ਹੈਕ ਕਰ ਲਈ। ਇੰਨਾ ਹੀ ਨਹੀਂ ਐਡੀਏਨਾ ਨੇ ਬਾਕੀ ਲੜਕੀਆਂ ਦੀਆਂ ਤਸਵੀਰਾਂ ਵੀ ਵੈਬਸਾਈਟ ਤੋਂ ਹਟਾ ਦਿੱਤੀਆਂ।

ਸ਼ਿਆਓ ਤਿਯਾਨ

ਸ਼ਿਆਓ ਤਿਯਾਨ ਚਾਈਨੀਜ਼ ਹੈਕਰ ਹੈ। ਚਾਈਨੀ ਗਰਲ ਸਕਿਊਰਟੀ ਟੀਮ ਤੋਂ ਇਹਨਾਂ ਨੂੰ ਪਛਾਣ ਮਿਲੀ। 2200 ਮੈਂਬਰਾਂ ਦੇ ਨਾਲ ਇਹ ਚੀਨ ਦਾ ਸਭ ਤੋਂ ਵੱਡਾ ਔਰਤਾਂ ਦਾ ਹੈਕਰਜ਼ ਗਰੁੱਪ ਹੈ। ਇਕ ਸਮੇਂ ਤੇ ਇਸ ਗਰੁੱਪ ਨੇ ਗੂਗਲ ਨੂੰ ਆਪਣੀ ਹੈਕਿੰਗ ਤੋਂ ਇੰਨਾ ਪ੍ਰੇਸ਼ਾਨ ਕਰ ਦਿੱਤਾ ਸੀ ਕਿ ਗੂਗਲ ਚਾਈਨਾ ਨੇ ਚੀਨ ਤੋਂ ਆਪਣੀ ਸਰਵਿਸਿਜ਼ ਵਾਪਸ ਲੈ ਲਈ। ਇੰਨਾ ਹੀ ਨਹੀਂ ਇਸ ਗਰੁੱਪ ਨੇ ਦੁਨੀਆ ਦੇ ਕੁਝ ਵੱਡੇ ਹੈਕਰਜ਼ ਗਰੁੱਪ ਦੇ ਨਾਲ ਟਾਈਅਪ ਵੀ ਕੀਤਾ ਹੈ।

ਕ੍ਰਿਸਟੀਏਨਾ

ਨਿਊਯਾਰਕ ਯੂਨੀਵਰਸਿਟੀ ਦੀ ਵਿਦਿਆਰਥਣ ਕ੍ਰੀਸਟੀਏਨਾ ਨੂੰ ਹੈਕਿੰਗ ਦੀ ਦੁਨੀਆ ਦੇ ਕੁਝ ਸਭ ਤੋਂ ਚਰਚਿਤ ਨਾਵਾਂ ਵਿਚ ਰੱਖਿਆ ਗਿਆ ਹੈ। ਕ੍ਰਿਸਟੀਏਨਾ ਦੇ ਖਿਲਾਫ ਜਾਅਲੀ ਸਪੋਰਟ ਰੱਖਣ ਦਾ ਕੇਸ ਵੀ ਚੱਲ ਰਿਹਾ ਹੈ। ਇਕ ਰਿਪੋਰਟ ਮੁਤਾਬਕ ਕ੍ਰਿਸਟੀਏਨਾ ਨੇ ਟ੍ਰੋਜਨ ਹਾਰਸ (ਇਕ ਵਾਇਸ ਵਰਗਾ ਸਾਫਟਵੇਅਰ ਜਿਸ ਨਾਲ ਹੈਕਰਜ਼ ਜਾਣਕਾਰੀ ਹਾਸਲ ਕਰਦੇ ਹਨ) ਦਾ ਇਸਤੇਮਾਲ ਕਰਕੇ ਪੰਚ ਅਮਰੀਕੀ ਬੈਂਕ ਅਕਾਊਂਟ ਹੈਕ ਕਰ ਲਏ ਸਨ। ਆਪਣੇ ਸਾਥੀਆਂ ਨਾਲ ਮਿਲ ਕੇ ਕ੍ਰਿਸਟੀਏਨਾ ਦੇ ਖਿਲਾਫ 4 ਮਿਲੀਅਨ ਡਾਲਰ ਦੀ ਚੋਰੀ ਦਾ ਦੋਸ਼ ਹੈ।

ਯਿੰਗ ਕ੍ਵੈਕਰ

ਚੀਨ ਦੀ ਯਿੰਗ ਕ੍ਵੈਕਰ ਸਭ ਤੋਂ ਖੂਬਸੂਰਤ ਔਰਤ ਹੈਕਰਾਂ ਦੀ ਲਿਸਟ ਵਿਚ ਸ਼ਾਮਲ ਹੈ। ਇਹ ਚੀਨ ਦੇ ਸ਼ੰਘਾਈ ਵਿਚ ਹੈਕਿੰਗ ਦੀਆਂ ਕਲਾਸਾਂ ਲੈਂਦੀ ਹੈ। ਯਿੰਗ ਆਪਣੇ ਵਿਦਿਆਰਥੀਆਂ ਨੂੰ ਅਲੱਗ ਅਲੱਗ ਸਾਫੈਵਐਰਜ ਕ੍ਰੈਕ ਕਰਨ ਵਿਚ ਮਦਦ ਕਰਦੀ ਹੈ। ਯਿੰਗ ਦੇ ਨਾਂ ਦੀ ਇਕ ਆਨਲਾਈਨ ਫੋਰਸ ਵੀ ਬਣਾਈ ਗਈ ਹੈ, ਜਿਸਦਾ ਨਾਂ ਚੀਨੀ ਹਾਟੀ ਹੈਕਰ ਰੱਖਿਆ ਗਿਆ ਹੈ।

ਐਨਾ ਚੈਪਮੈਨ

ਐਨਾ ਚੈਪਮੈਨ ਦਾ ਨਾਂ ਉਹਨਾਂ ਹੈਕਰਾਂ ਵਿਚ ਸ਼ਾਮਲ ਹੈ, ਜਿਹਨਾਂ ਨੇ ਅਮਰੀਕਾ ਦੇ ਖਿਲਾਫ ਹੈਕਿੰਗ ਕੀਤੀ। 27 ਜੂਨ 2010 ਵਿਚ ਰਸ਼ੀਆ ਦੀ ਐਨਾ ਅਤੇ ਉਹਨਾਂ ਦੇ 9 ਸਾਥੀਆਂ ਨੂੰ ਨਿਊਯਾਰਕ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਐਨਾ ਨੇ ਮਾਸਕੋ ਯੂਨ.ਵਰਸਿਟੀ ਤੋਂ ਪੜ੍ਹਾਈ ਕੀਤੀ ਹੈ। ਐਨਾ ਨੂੰ ਦੁਬਾਰਾ ਐਫ. ਬੀ. ਆਈ. ਦੁਆਰਾ ਵੀ ਗ੍ਰਿਫਤਾਰ ਕੀਤਾ ਗਿਆ ਸੀ। 3 ਜੁਲਾਈ 2013 ਨੂੰ ਐਨਾ ਦੀਆਂ ਤਸਵੀਰਾਂ ਅਤੇ ਵੀਡੀਓ ਇੰਟਰਨੈਟ ਤੇ ਵਾਇਰਲ ਹੋ ਗਈਆਂ ਸਨ, ਜਦੋਂ ਉਹਨਾਂ ਨੇ ਐਡਵਰਡ ਸਟੋਡੇਨ ਨੂੰ ਵਿਆਹ ਦੇ ਲਈ ਪ੍ਰਪੋਜ਼ ਕੀਤਾ ਸੀ। ਵਰਣਨਯੋਗ ਹੈ ਕਿ ਐਡਵਰਡ ਸਨੋਡੇਨ ਅਮਰੀਕੀ ਖੁਫੀਆ ਏਜੰਸੀ ਸੀ. ਆਈ. ਏ. ਦੀ ਕਰਮਚਾਰਨ ਸੀ ਅਤੇ ਉਹਨਾਂ ਦੇ ਖਿਲਾਫ ਅਮਰੀਕਾ ਦੇ ਕੁਝ ਸੀਕਰਟ ਲੀਕ ਕਰਨ ਦਾ ਦੋਸ਼ ਲੱਗਿਆ ਸੀ।

ਗੀਗਾਬਾਈਟ

ਗੀਗਾਬਾਈਟ ਦਾ ਅਸਲੀ ਨਾਂ ਕਿਮ ਵਾਨਵੈਕ ਹੈ। ਮੰਨਿਆ ਜਾਂਦਾ ਹੈ ਕਿ ਗੀਗਾਬਾਈਟ ਨੇ ਹੀ ਕੋਕੋਨਟ-ਏ, ਸ਼ਾਪ-ਏ, ਸਾਹੀ-ਏ ਵਰਗੇ ਖਤਰਨਾਕ ਵਾਇਰਸ ਬਣਾਏ ਹਨ। ਇਹ ਵਾਇਰਸ ਸਿਸਟਮ ਤੋਂ ਯੂਜ਼ਰਸ ਦੀ ਇਨਫਰਮੇਸ਼ਨ ਚੋਰੀ ਕਰਨ ਅਤੇ ਉਹਨਾਂ ਨੂੰ ਡਿਸਟ੍ਰਾਇ ਕਰਨ ਦੇ ਲਈ ਜਾਣੇ ਜਾਂਦੇ ਸਨ। ਇਸ ਹੈਕਰ ਨੂੰ ਬ੍ਰਸੇਲਜ਼ ਵਿਚ ਗ੍ਰਿਫਤਾਰ ਕੀਤਾ ਗਿਆ ਸੀ ਪਰ ਕੁਝ ਦਿਨ ਬਾਅਦ ਜ਼ਮਾਨਤ ਤੇ ਰਿਹਾਅ ਕਰ ਦਿੱਤਾ ਗਿਆ। ਫਿਲਹਾਲ ਇਹ 3 ਸਾਲ ਦੀ ਜੇਲ੍ਹ ਦੀ ਸਜ਼ਾ ਕੱਟ ਰਹੀ ਹੈ।

ਰੈਵਨ ਐਡਲਰ

ਐਡਲਰ ਦੁਨੀਆਂ ਦੀਆਂ ਟੌਪ ਹੈਕਰਾਂ ਵਿਚੋਂ ਇਕ ਹੈ। ਰੈਵਨ ਨੂੰ ਹੈਕ ਡਿਟੈਕਟਿੰਗ ਸਿਸਟਮ ਡਿਵੈਲਪਰ ਦੇ ਤੌਰ ਤੇ ਜਾਣਿਆ ਜਾਂਦਾ ਹੈ। ਪਹਿਲੀ ਵਾਰ ਇਹ ਲਾਈਮ ਲਾਈਟ ਵਿਚ ਉਦੋਂ ਆਈ ਜਦੋਂ ਇਨਾਂ ਨੇ ਡੈਲਕਮ (ਹੈਕਿੰਗ ਫੀਲਡ ਦਾ ਸਭ ਤੋਂ ਮਹੱਤਵਪੂਰਨ ਕਾਨਫਰੰਸ) ਵਿਚ ਪ੍ਰੈਜੈਂਟੇਸ਼ਨ ਦੇਣ ਦਾ ਮੌਕਾ ਮਿਲਿਆ। ਜਦੋਂ ਉਹਨਾਂ ਦੇ ਔਰਤ ਹੈਕਰ ਹੋਣ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਨੇ ਜਵਾਬ ਦਿੱਤਾ ਸੀ ਕਿ ਉਹਨਾਂਨੂੰ ਉਹਨਾਂ ਦੇ ਕੰਮ ਦੇ ਲਈ ਜਾਣਿਆ ਜਾਣਾ ਚਾਹੀਦਾ ਹੈ, ਨਾ ਕਿ ਉਹ ਔਰਤ ਹੈ ਜਾਂ ਪੁਰਸ਼ ਇਸ ਦੇ ਲਈ। ਉਹਨਾਂ ਕਈ ਮੌਕਿਆਂ ਤੇ ਕਿਹਾ ਕਿ ਉਹਨਾਂ ਨੂੰ ਹੈਕਰ ਕਿਵੇਂ ਜਾਣਿਆ ਜਾਣਾ ਚਾਹੀਦਾ ਹੈ ਨਾ ਕਿ ਔਰਤ ਹੈਕਰ। ਇਹ ਜਿੰਨਾ ਚੰਗਾ ਹੈਕਿੰਗ ਜਾਣਦੀ ਹੈ, ਉਨਾ ਹੀ ਚੰਗਾ ਮਾਰਸ਼ਲ ਆਰਟ ਵੀ ਜਾਣਦੀ ਹੈ।

ਨਤਾਸ਼ਾ

ਨਤਾਸ਼ਾ ਨੂੰ ਫੀਮੇਲ ਹੈਕਿੰਗ ਦਾ ਨੇਤਾ ਮੰਨਿਆ ਜਾਂਦਾ ਹੈ। ਚਾਈਲਡ ਪੋਰਨੋਗ੍ਰਾਫੀ ਦੇ ਖਿਲਾਫ ਕੰਮ ਕਰਦੇ ਹੋਏ ਉਹਨਾਂ ਨੇ ਐਂਟੀਚਿਲਰਡਪੋਰਨ ਡਾਟ ਆਰਗ ਨਾਂ ਦੀ ਵੈਬਸਾਈਟ ਬਣਾਈ।

ਨਵੰਬਰ 2005 ਵਿਚ ਬਿਮਾਰੀ ਦੇ ਕਾਰਨ ਨਤਾਸ਼ਾ ਦੀ ਮੌਤ ਹੋ ਗਈ।

ਐਥੀਕਲ

ਐਥੀਕਲ ਹੈਕਿੰਗ ਦੀ ਦੁਨੀਆਂ ਵਿਚ ਇਹ ਆਪਣੇ ਹੇਠਲੇ ਪੱਧਰ ਦੇ ਸਕਿਊਰਟੀ ਰਿਸਰਚ ਅਤੇ ਮਾਲਵੇਅਰ ਪ੍ਰੋਗਰਾਮ ਦੇ ਲਈ ਚਰਚਿਤ ਹੈ। 2006 ਵਿਚ ਜੋਆਨਾ ਨੂੰ ਲਾਸ ਵੇਗਾਸ ਵਿਚ ਹੋਈ ਇਕ ਤਕਨੀਕੀ ਕਾਨਫਰੰਸ (ਬਲੈਕ ਹੈਟ ਬ੍ਰੀਫਿਗਸ) ਵਿਚ ਆਪਣੇ ਵਾਇਰਸ ਅਟੈਕ ਪ੍ਰੋਟੈਕਸ਼ਨ ਸਿਸਟਮ ਨੂੰ ਸਮਝਾਉਣ ਦੇ ਕਾਰਨ ਇਹ ਚਰਚਾ ਵਿਚ ਰਹੀ ਸੀ। ਇਸ ਤੋਂ ਇਲਾਵਾ ਇਹਨਾਂ ਦੀ ਬਲੂ ਪਿਲ ਤਕਨੀਕ ਜਿਸ ਨਾਲ ਕਿਸੇ ਕੰਪਿਊਟਰ ਸਿਸਟਮ ਨੂੰ ਵਰਚੁਅਲ ਮਸ਼ੀਨ ਵਿਚ ਬਦਲਿਆ ਜਾ ਸਕਦਾ ਹੈ। 2006 ਵਿਚ ਈਵੀਕ ਮੈਗਜ਼ੀਨ ਵਿਚ ਜੋਆਨਾ ਨੂੰ ਸਭ ਤੋਂ ਚਰਚਿਤ ਪੰਜ ਹੈਕਰਸ ਦੀ ਲਿਸਟ ਵਿਚ ਸ਼ਾਮਲ ਕੀਤਾ ਗਿਆ ਸੀ।

ਜੂਡ ਮਿਲਹੋਨ

ਅਮਰੀਕਾ ਵਿਚ ਜੰਮੀ ਜੂਡ ਮਿਲਹੋਨ ਚੀਨ ਦੇ ਸ਼ੰਘਾਈ ਵਿਚ ਰਹਿੰਦੀ ਹੈ। ਹੈਕਿੰਗ ਵਿਚ ਮਾਸਟਰ ਇਹ ਖੂਬਸੂਰਤ ਹੈਕਰ ਆਪਣੇ ਵਿਦਿਆਰਥੀਆਂ ਨੂੰ ਆਈ. ਪੀ. ਅਡਰੈਸ ਚੇਂਜ ਕਰਨ ਜਾਂ ਕਿਸੇ ਦਾ ਪਾਸਵਰਡ ਪਤਾ ਲਗਾਉਣ ਵਰਗੇ ਹੈਕਿੰਗ ਦੇ ਬੇਸਿਕ ਸਿਖਾਉਂਦੀ ਹੈ। ਇਹਨਾਂ ਨੇ ਹੈਕਿੰਗ 'ਤੇ ਕਾਫੀ ਕੁਝ ਲਿਖਿਆ ਅਤੇ ਪਬਲਿਸ਼ ਵੀ ਕੀਤਾ ਗਿਆ। ਸਾਫਟਵੇਸ ਕ੍ਰੈਕ ਕਰਨ ਦੀ ਇਹਨਾਂ ਦੀ ਆਦਤ ਦੇ ਕਾਰਨ ਲੋਕ ਇਹਨਾਂ ਨੂੰ ਕ੍ਰੈਕਰ ਦੇ ਨਾਂ ਨਾਲ ਵੀ ਜਾਣਦੇ ਹਨ।

ਪੰਜਾਬ ਦੇ ਬਦਲ ਰਹੇ ਸਿਆਸੀ ਸਮੀਕਰਨਾਂ ਦੀ ਅਸਲੀਅਤ

ਕਾਂਗਰਸੀ ਵਿਰੋਧ ਦੀ ਸਿਆਸਤ ਵਜੋਂ ਬਹਾਲ ਨਹੀਂ ਰੱਖਿਆ ਜਾ ਸਕਦਾ ਪਰ ਇਸ ਨਾਲ ਪੰਜਾਬ ਵਿੱਚ ਗਹਿਗੱਚ ਸਿਆਸੀ ਭੇੜ ਦੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ।

ਦੁਨੀਆਂ ਵਿੱਚ ਜਦੋਂ ਵੀ ਸਿਆਸੀ ਤਬਦੀਲੀਆਂ ਆਈਆਂ ਹਨ, ਉਨ੍ਹਾਂ ਦਾ ਆਧਾਰ ਕਿਸੇ ਨਾ ਕਿਸੇ ਰੂਪ ਵਿੱਚ ਹੈਂਕੜੀ ਸਿਆਸਤ ਨੂੰ ਸਜ਼ਾ ਦੇਣ ਦੀ ਮਾਨਸਿਕਤਾ ਰਹੀ ਹੈ। ਵਕਤੀ ਖਲਾਅ ਵਿੱਚੋਂ ਪੈਦਾ ਹੋਏ ਸਿਆਸੀ ਉਭਾਰ ਨੂੰ ਸਿਆਸੀ ਬਦਲ ਦਾ ਉਲਾਰ, ਗੁਸੈਲਾ ਅਤੇ ਜਜ਼ਬਾਤੀ ਵਹਿਣ, ਸਦਾ ਹੀ ਵਕਤੀ ਸਿਆਸੀ ਜਿੱਤਾਂ ਦੇ ਰਾਹ ਪਾਉਂਦਾ ਵੀ ਰਿਹਾ ਹੈ ਅਤੇ ਇਸ ਨਾਲ ਸਰਚਦਾ ਵੀ ਰਿਹਾ ਹੈ। ਇਸ ਦਾ ਸਮਰਥਨ ਇਸ ਸਚਾਈ ਨਾਲ ਹੋ ਜਾਂਦਾ ਹੈ ਕਿ ਜੋ ਸਥਿਤੀ ਅੰਨਾ ਹਜ਼ਾਰੇ ਦੀ ਲੋਕ ਲਹਿਰ ਨਾਲ ਪੈਦਾ ਹੋਈ ਸੀ, ਉਸ ਦਾ ਸਿਆਸੀ ਲਾਹਾ ਦਿੱਲੀ ਦੀਆਂ ਚੋਣਾਂ ਵਿੱਚ ਲੈ ਲੈਣ ਪਿੱਛੋਂ ਲਹਿਰ ਦਾ ਭੋਗ ਪੈ ਗਿਆ ਸੀ। ਸਿਧਾਂਤਕਤਾ ਦਾ ਬਦਲ, ਜਜ਼ਬਾਤੀ ਉਭਾਰ ਕਦੇ ਵੀ ਨਹੀਂ ਬਣ ਸਕਦਾ। ਦਿੱਲੀ ਵਿੱਚ ਇਹ ਤਜਰਬਾ ਹੋ ਚੁੱਕਾ ਹੈ ਅਤੇ ਪੰਜਾਬ ਵਿੱਚ ਹੋ ਵੀ ਜਾਵੇ ਤਾਂ ਵੀ ਇਸ ਨੂੰ ਪਾਏਦਾਰ ਸਿਆਸਤ ਵਜੋਂ ਇਸ ਲਈ ਪ੍ਰਵਾਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਦਿੱਲੀ ਦੀ ਜਿੱਤ ਨਾਲ ਬਦਲਾਅ ਦੀਆਂ ਸੰਭਾਵਨਾਵਾਂ ਦਾ ਰਸਤਾ ਖੁੱਲ੍ਹਣ ਦੀ ਥਾਂ ਬੰਦ ਹੁੰਦਾ ਨਜ਼ਰ ਆ ਰਿਹਾ ਹੈ। ਇਸ ਪ੍ਰਸੰਗ ਵਿੱਚ ਕੈਪਟਨ ਸਾਹਿਬ ਦੀ ਇਸ ਟਿਪਣੀ 'ਤੇ ਬਹਿਸ ਹੋਣੀ ਚਾਹੀਦੀ ਹੈ ਕਿ ਪੰਜਾਬ ਵਿੱਚ ਦਿੱਲੀ ਵਰਗਾ ਸਿਆਸੀ ਤਜਰਬਾ ਕਰਨ ਦਾ ਜ਼ੋਖ਼ਮ ਨਹੀਂ ਉਠਾਉਣਾ ਚਾਹੀਦਾ।

ਯੋਗਿੰਦਰ ਯਾਦਵ ਨੇ ਜਿਸ ਤਰ੍ਹਾਂ ਦੀ ਬਹਿਸ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ ਸੀ, ਉਸ ਦਾ ਖ਼ਮਿਆਜ਼ਾ ਉਸ ਨੂੰ ਪਹਿਲਾਂ ਪਾਰਟੀ ਵਿੱਚ ਹਾਸ਼ੀਆਗ੍ਰਸਤ ਹੋ ਕੇ ਅਤੇ ਫਿਰ ਬਾਹਰ ਹੋ ਕੇ ਭੁਗਤਣਾ ਪਿਆ ਸੀ। ਇਸ ਨਾਲ ਕੇਜਰੀਵਾਲ ਵਰਤਾਰੇ ਦੀ ਦਿਸ਼ਾ ਅਤੇ ਦਸ਼ਾ ਸਾਹਮਣੇ ਆ ਗਈ ਸੀ। ਪੰਜਾਬ ਦੀਆਂ ਚੋਣਾਂ ਨੇ ਇਸ ਨੂੰ ਚੰਗੀ ਤਰ੍ਹਾਂ ਸਾਹਮਣੇ ਲੈ ਆਉਣਾ ਹੈ ਅਤੇ ਪੰਜਾਬ ਦੀਆਂ ਚੋਣਾਂ ਕੇਜਰੀਵਾਲ ਸਿਆਸਤ ਬਾਰੇ ਰੈਫਰੈਂਡਮ ਵੀ ਹੋ ਸਕਦੀਆਂ ਹਨ।

ਪੰਜਾਬ ਜਦੋਂ ਵੰਡਿਆ ਨਹੀਂ ਸੀ ਗਿਆ ਉਦੋਂ ਵੀ ਪੰਜਾਬ ਹਰ ਕਿਸਮ ਦੇ ਬਦਲਾਅ ਨੂੰ ਹੁੰਗਾਰਾ ਭਰਦਾ ਰਿਹਾ ਸੀ। ਲੋੜ ਪੈਣ 'ਤੇ ਬਦਲਾਅ ਦੇ ਵਿਰੋਧ ਵਿੱਚ ਨਾਬਰੀ ਮੁਹਿੰਮਾਂ ਵੀ ਚਲਦੀਆਂ ਰਹੀਆਂ ਸਨ ਪਰ ਪੰਜਾਬ ਸਿਆਸਤ ਵਾਸਤੇ ਵਰਤੇ ਜਾਣ ਤੋਂ ਇਨਕਾਰੀ ਵੀ ਹੁੰਦਾ ਰਿਹਾ ਹੈ। ਮਿਸਾਲ ਦੇ ਤੌਰ 'ਤੇ ਅਕਾਲੀ ਸਰਕਾਰ ਵਿਰੁੱਧ ਉੱਠਿਆ ਕਿਸਾਨ ਵਿਦਰੋਹ ਕਿਸੇ ਤਰ੍ਹਾਂ ਦੀ ਸਿਆਸਤ ਦਾ ਸਿਆਸੀ ਹੱਥਠੋਕਾ ਨਹੀਂ ਬਣਿਆ ਸੀ। ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਸਲਾ ਤੱਤੀ ਸਿਆਸਤ ਦੇ ਦਖ਼ਲ ਨਾਲ ਹੀ ਠੰਢਾ ਪੈ ਗਿਆ ਸੀ।

ਸਰਬੱਤ ਖ਼ਾਲਸਾ ਨੂੰ ਸਿੱਖ ਹੁੰਗਾਰਾ, ਸਿਆਸੀ ਦਖ਼ਲ ਨਾਲ ਹੀ ਚੁੱਪ ਵਿੱਚ ਢਲ ਗਿਆ ਸੀ। ਜਿਸ ਤਰ੍ਹਾਂ 'ਆਪ' ਵੱਲੋਂ ਲੋਕਾਂ ਦੇ ਗੁੱਸੇ ਨੂੰ ਸਿਆਸਤ ਦਾ ਹਥਿਆਰ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਇਹ ਇੱਛਤ ਨਤੀਜਿਆਂ ਵਿੱਚ ਢਲਦੀ ਨਜ਼ਰ ਨਹੀਂ ਆਉਂਦੀ ਕਿਉਂਕਿ 'ਆਪ' ਦਾ ਪੰਜਾਬੀ ਚਿਹਰਾ ਸਾਹਮਣੇ ਨਹੀਂ ਆਉਣ ਦਿੱਤਾ ਜਾ ਰਿਹਾ। ਸੰਜੇ ਤੇ ਦੁਰਗੇਸ਼ ਦੀ ਜੋੜੀ ਦੀ ਪੰਜਾਬ ਵਿਚਲੀ ਭੂਮਿਕਾ ਨਾਲ ਜੋ ਕੁਝ ਸਾਹਮਣੇ ਆ ਰਿਹਾ ਹੈ ਉਸ ਨਾਲ ਇਹ ਸਵਾਲ ਪੈਦਾ ਹੋ ਰਿਹਾ ਹੈ ਕਿ ਕੇਜਰੀਵਾਲ, ਪੰਜਾਬੀਆਂ ਦਾ ਸਿਆਸੀ ਮਸੀਹਾ ਕਿਵੇਂ ਅਤੇ ਕਿਉਂ ਹੋ ਸਕੇਗਾ? ਚਰਚਾ ਇਸ ਮੁੱਦੇ 'ਤੇ ਹੋਣੀ ਚਾਹੀਦੀ ਹੈ ਕਿ ਸਿਆਸਤ ਦੇ ਮੰਡੀਕਰਨ ਨੇ ਮੁੱਦਿਆਂ ਦੀ ਸਿਆਸਤ ਦਾ ਰਸਤਾ ਕਿਉਂ ਅਤੇ ਕਿਵੇਂ ਰੋਕ ਦਿੱਤਾ ਹੈ? ਮੰਡੀਕਰਨ ਦੇ ਰੋੜ੍ਹ ਵਿੱਚ 'ਆਪ' ਵਰਗੀਆਂ ਪਰਚੂਨ ਪਰਤਾਂ ਦੀ ਸੰਭਾਵਿਤ ਭੂਮਿਕਾ ਬਾਰੇ ਚਰਚਾ ਕਰਦਿਆਂ ਵੇਖਣਾ ਚਾਹੀਦਾ ਹੈ ਕਿ ਪ੍ਰਬੰਧ ਅਤੇ ਪ੍ਰਬੰਧਕ ਨੂੰ ਇੱਕ ਦੂਜੇ ਦੀ ਪੂਰਕਤਾ ਵਿੱਚ ਲਿਆਉਣ ਲਈ ਸਿਆਸਤ ਕੀ ਭੂਮਿਕਾ ਨਿਭਾ ਸਕਦੀ ਹੈ? ਇਸ ਸਵਾਲ ਬਾਰੇ ਵੀ ਚਰਚਾ ਹੋਣੀ ਚਾਹੀਦੀ ਹੈ ਕਿ ਸੱਭਿਆਚਾਰ ਨੂੰ ਸਿਆਸਤ ਮੁਤਾਬਿਕ ਬਦਲਣਾ ਚਾਹੀਦਾ ਹੈ ਕਿ ਸਿਆਸਤ ਨੂੰ ਸੱਭਿਆਚਾਰ ਮੁਤਾਬਿਕ ਬਦਲਣਾ ਚਾਹੀਦਾ ਹੈ? 'ਆਪ' ਦਾ ਪੰਜਾਬੀ ਚਿਹਰਾ ਹੋ ਸਕਣ ਦਾ ਰਾਹ ਅਜੇ ਰੁਕਿਆ ਹੋਇਆ ਹੈ। ਇਸ ਦੇ ਪੰਜਾਬੀ ਲੀਡਰਾਂ ਕੋਲ ਅਹੁਦੇਦਾਰੀਆਂ ਤਾਂ ਹਨ ਪਰ ਅਹੁਦੇਦਾਰੀਆਂ ਮੁਤਾਬਿਕ ਤਾਕਤ ਕਿਧਰੇ ਨਜ਼ਰ ਨਹੀਂ ਆਉਂਦੀ। ਸਥਿਤੀ ਇਹ ਹੈ ਕਿ ਅਕਾਲੀਆਂ ਅਤੇ ਕਾਂਗਰਸੀਆਂ ਦੇ ਇੱਕ ਸੀਟ ਵਾਸਤੇ ਦੋ ਜਾਂ ਤਿੰਨ ਦਾਅਵੇਦਾਰ ਹਨ, ਪਰ 'ਆਪ' ਦੇ ਦਾਅਵੇਦਾਰਾਂ ਦੀ ਗਿਣਤੀ ਦਸ ਤੋਂ ਟੱਪਦੀ ਨਜ਼ਰ ਆ ਰਹੀ ਹੈ। ਇਸ ਨਾਲ ਜੋ ਸਥਿਤੀ ਉਮੀਦਵਾਰਾਂ ਦੇ ਐਲਾਨ ਤੋਂ ਪਿੱਛੋਂ ਪੈਦਾ ਹੋਣੀ ਹੈ, ਉਸ ਨੂੰ ਧਿਆਨ ਵਿੱਚ ਰੱਖੇ ਬਿਨਾਂ ਨਤੀਜਿਆਂ 'ਤੇ ਨਹੀਂ ਪਹੁੰਚਿਆ ਜਾ ਸਕਦਾ। ਪਹਿਲੀ ਵਾਰ ਪੰਜਾਬ ਵਿੱਚ ਤਿੰਨ ਧਿਰਾਂ ਦੀ ਫਸਵੀਂ ਟੱਕਰ ਦੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ।

ਬਿਆੜਾ ਪਰਿਵਾਰ ਵੱਲੋਂ ਬੋਗ ਰੋਡ ਗੁਰੂ ਘਰ ਨੂੰ 11 ਹਜ਼ਾਰ ਡਾਲਰ ਭੇਟਾ

ਯੂਬਾ ਸਿਟੀ- ਬ੍ਰਹਮ ਗਿਆਨੀ ਸੰਤ ਬਾਬਾ ਜਵਾਲਾ ਸਿਘ ਜੀ ਹਰਖੋਵਾਲ ਵਾਲਿਆਂ ਦੀ ਯਾਦ ਵਿਚ ਹਰ ਸਾਲ ਦੀ ਤਰ੍ਹਾਂ ਬੋਗ ਰੋਡ ਯੂਬਾ ਸਿਟੀ ਵਿਖੇ ਸਰਬਜੀਤ ਬਿਆੜਾ ਪਰਿਵਾਰ ਵੱਲੋਂ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਕੀਰਤਨ ਦਰਬਾਰ ਸਜਾਇਆ ਗਿਆ। ਯੂਬਾ ਸਿਟੀ ਅਤੇ ਆਸ ਪਾਸ ਦੇ ਇਲਾਕੇ ਦੀ ਸੰਗਤ ਨੇ ਹੁੰਮ-ਹੁੰਮਾ ਕੇ ਭਾਗ ਲਿਆ। ਇਸ ਮੌਕੇ ਤੇ ਸਰਬਜੀਤ ਬਿਆੜਾ ਵੱਲੋਂ ' ਉਸਦੇ ਸਪੁੱਤਰਾਂ ਜੂਨੀਅਰ ਬਿਆੜਾ ਅਤੇ ਹਰਮਨ ਬਿਆੜਾ ਵੱਲੋਂ 11 ਹਜ਼ਾਰ ਡਾਲਰ ਨਵੀਂ ਬਿਲਡਿੰਗ ਦੀ ਉਸਾਰੀ ਲਈ ਭੇਟਾ ਕੀਤਾ ਗਿਆ। ਸੰਗਤ ਦੀ ਵੱਧ ਰਹੀ ਜ਼ਰੂਰਤ ਅਨੁਸਾਰ ਬੋਗ ਰੋਡ ਗੁਰੂ ਘਰ ਵੱਲੋਂ ਤਕਰੀਬਨ 13000 ਸਕੁਏਅਰ ਫੁੱਟ ਦੀ ਨਵੀਂ ਬਿਲਡਿੰਗ ਬਣ ਰਹੀ ਹੈ ਜੋ ਕਿ ਤਕਰੀਬਨ ਤਿਆਰ ਹੋ ਚੁੱਕੀ ਹੈ। ਯਾਦ ਰਹੇ ਕਿ ਇਸ ਬੋਗ ਰੋਡ ਗੁਰੂ ਘਰ ਨੂੰ ਬਾਬਾ ਚੈਚਲ ਸਿੰਘ ਰਾਏ ਨੇ 10 ਏਕੜ ਜ਼ਮੀਨ ਭੇਟਾ ਕੀਤੀ ਸੀ। ਇਹ ਬੋਗ ਰੋਡ ਸਿੱਖ ਟੈਂਪਲ 1980 ਵਿਚ ਬਣੀ ਬਿਲਡਿੰਗ ਤਕਰੀਬਨ 29 ਹਜ਼ਾਰ ਸਕੁਏਅਰ ਫੁੱਟ ਹੈ। 1980 ਵਿਚ ਸ੍ਰੀ ਗੁਰੂ ਨਾਨਕ ਸਿੱਖ ਟੈਂਪਲ ਦੇ ਨਾਂ ਨਾਲ ਆਰੰਭ ਹੋਇਆ ਸੀ। ਸਰਬਜੀਤ ਬਿਆੜਾ ਪਰਿਵਾਰ ਵੱਲੋਂ ਨਿਸ਼ਾਨ ਸਾਹਿਬ ਦੀ ਸੇਵਾ ਵੀ ਕਰਵਾਈ ਗਈ। ਨਵੇਂ ਵਿਆਹੇ ਜੋੜੇ ਜੂਨੀਅਰ ਬਿਆੜਾ ਅਤੇ ਨਵਨੀਰ ਬਿਆੜਾ ਨੂੰ ਗੁਰੂ ਘਰ ਵੱਲੋਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

ਬਿਆੜਾ ਪਰਿਵਾਰ ਯੂਬਾ ਸਿਟੀ ਅਤੇ ਚਾਹਲ ਪਰਿਵਾਰ (ਫਰਿਜ਼ਨੋ)

ਜੂਨੀਅਰ ਬਿਆੜਾ ਅਤੇ ਉਹਨਾਂ ਦੀ ਧਰਮ ਪਤਨੀ ਬੀਬੀ ਨਵਨੀਰ ਬਿਆੜਾ ਨਾਲ ਬੋਗ ਰੋਡ ਸਿੱਖ ਟੈਂਪਲ ਦੇ ਪ੍ਰਧਾਨ ਮੋਹਨ ਸਿੰਘ ਬੈਂਸ ਤੋਂ ਸਿਰੋਪਾਓ ਲੈਂਦੇ ਹੋਏ।

ਸਰਬ ਬਿਆੜਾ ਆਪਣੇ ਮਾਮੇ ਸੁਖਦੇਵ ਸਿੰਘ ਬੈਂਸ ਅਤੇ ਬਲਬੀਰ ਸਿੰਘ ਬੈਂਸ ਨਾਲ

ਨਿਸ਼ਾਨ ਸਾਹਿਬ ਦੀ ਸੇਵਾ ਦਰਮਿਆਨ

ਨਿਸ਼ਾਨ ਸਾਹਿਬ ਦੀ ਸੇਵਾ ਦਰਮਿਆਨ

ਬੋਗ ਰੋਡ ਸਿੱਖ ਟੈਂਪਲ ਦੇ ਅੰਦਰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਰਬਜੀਤ ਬਿਆੜਾ, ਗੁਰਨਾਮ ਪੰਮਾ ਅਤੇ ਹੋਰ ਸੱਜਣ।

ਦਲਬੀਰ ਗਿੱਲ, ਹਰਦੀਪ ਢਾਡਲੀ, ਸ: ਮਹਿੰਦਰ ਸਿੰਘ ਬਿਆੜਾ, ਚਾਹਲ ਸਾਹਿਬ, ਸਰਬਜੀਤ ਬਿਆੜਾ ਅਤੇ ਹੋਰ ਸੱਜਣ।

ਦਿਲਬਾਗ ਬੈਂਸ ਸੰਗਤ ਨੂੰ ਸੰਬੋਧਿਤ ਕਰਦੇ ਹੋਏ

ਦਿਲਬਾਗ ਬੈਂਸ ਅਤੇ ਹੋਰ ਸਿੱਖ ਸੰਗਤ

ਰੂਬੀ ਬਿਆੜਾ, ਗੁਰਨਾਮ ਪੰਮਾ, ਪਿਆਰਾ ਸਿੰਘ ਗੋਸਲ ਅਤੇ ਦਲਬੀਰ ਗਿੱਲ

ਜਸਬੀਰ ਬਸਰਾ, ਸਰਬ ਬਿਆੜਾ ਅਤੇ ਗੁਰਮੀਤ ਰਾਏ

ਗੁਰੂ ਘਰ ਸ਼ਿਕਾਗੋ ਦੇ ਹੈਡ ਗ੍ਰੰਥੀ ਭਾਈ ਜਸਵੀਰ ਸਿੰਘ ਜੀ ਅਤੇ ਹੈਡ ਗ੍ਰੰਥੀ ਬੋਗ ਰੋਡ ਭਾਈ ਕਸ਼ਮੀਰ ਸਿੰਘ ਜੀ।

ਮੋਹਿੰਦਰ ਬਿਆੜਾ, ਜੋਗਾ ਬਿਆੜਾ, ਹਰਸੇਵ ਬਿਆੜਾ ਅਤੇ ਪਾਲ ਸਿੰਘ ਗਿੱਲ ਆਪਣੇ ਦੋਸਤਾਂ ਮਿੱਤਰਾਂ ਨਾਲ

ਸੋਨੀਆ ਗਾਂਧੀ ਜੀ

ਡਾ. ਮਨਮੋਹਨ ਸਿੰਘ ਜੀ

ਰਾਹੁਲ ਗਾਂਧੀ ਜੀ

ਮਹਾਰਾਣੀ ਪ੍ਰਨੀਤ ਕੌਰ ਜੀ

ਕੈਪਟਨ ਅਮਰਿੰਦਰ ਸਿੰਘ ਹੁਰਾਂ ਦੇ ਬੇ-ਏਰੀਆ ਪਹੁੰਚਣ ਤੇ ਸਵਰਗਵਾਸੀ ਪ੍ਰਕਾਸ਼ ਸਿੰਘ ਸਾਬਕਾ ਵਿਧਾਇਕ ਅਤੇ ਮੌਜੂਦਾ ਵਿਧਾਇਕ ਬੀਬੀ ਗੁਰਇਕਬਾਲ ਕੌਰ ਦੇ ਸਪੁੱਤਰ ਅੰਗਦ ਸਿੰਘ ਨਵਾਂ ਸ਼ਹਿਰ ਵੱਲੋਂ ਸਾਰੇ ਨਵਾਂ ਸ਼ਹਿਰ ਤੇ ਇਲਾਕੇ ਦੇ ਸੱਜਣਾਂ-ਮਿੱਤਰਾਂ ਵੱਲੋਂ ਜ਼ੋਰਦਾਰ ਸਵਾਗਤ ਕੀਤਾ ਜਾਂਦਾ ਹੈ। ਸਮੂਹ ਪ੍ਰਸ਼ੰਸਕਾਂ, ਮਿੱਤਰਾਂ, ਦੋਸਤਾਂ, ਸਨੇਹੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਓ ਸਾਰੇ ਕੈਪਟਨ ਸਾਹਿਬ ਦੇ ਸਵਾਗਤ ਲਈ ਮਈ 4, 2016 ਦਿਨ ਬੁੱਧਵਾਰ ਸ਼ਾਮੀ 6 ਵਜੇ ਇੱਥੇ ਪਹੁੰਚ ਕੇ ਉਹਨਾਂ ਦੇ ਵਿਚਾਰ ਸੁਣੀਏ।

ਸ. ਅੰਗਦ ਸਿੰਘ, ਨਵਾਂ ਸ਼ਹਿਰ
ਨੌਜਵਾਨ ਕਾਂਗਰਸੀ ਲੀਡਰ

ਪ੍ਰੋਗਰਾਮ ਦਾ ਸਮਾਂ ਅਤੇ ਸਥਾਨ

May 4th 2016
Time : 6 PM
Indian Community Center
525 Los Coches Street
Milpitas, CA 95035

ਕੈਪਟਨ ਲਿਆਓ ਪੰਜਾਬ ਬਚਾਓ

ਮਿਸ਼ਨ 2017

Raja
New Introducing Chaat Corner
King of Sweets Now Presents
Come and Enjoy Mouth Watering Chaat All Day

ਹੁਣ ਸ਼ੂਗਰ ਦੇ ਮਰੀਜ਼ਾਂ ਵਾਸਤੇ ਵੀ ਹਰ ਤਰ੍ਹਾਂ ਦੀ ਮਿਠਾਈ ਲੈ ਸਕਦੇ ਹੋ

- BHEL PAPDI CHAAT
- FALUDA KULFI
- GOL GAPPE (PANI PURI)
- KHASTA KACHORI

RAJA SWEETS & INDIAN CUISINE
31583 Alvarado Blvd. Union City, CA 94587
Phone : (510) 489-9100

MOON indian cuisine
Moon Indian Cuisine
510-780-9233

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

* 100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
* ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
* ਬਹੁਤ ਹੀ ਤਜ਼ਰਬੇਕਾਰ ਕੁੱਕ

Paul
510-978-7170

Fish Pakora
ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ। ਘੱਟ ਕੀਮਤ 'ਤੇ ਲੈ ਸਕਦੇ ਹੋ।

Gill
510-709-5285

Over 30 Years Experience in Restaurant & Catering Business
ਇੰਡੀਅਨ-ਫਿਜੀ, ਪਾਕਿਸਤਾਨੀ ਕੁਜ਼ੀਨ

ਮੂਨ ਇੰਡੀਅਨ ਕੁਜ਼ੀਨ (ਹੇਵਰਡ)
600 West Harder Rd. Hayward, CA 94544
Phone (510)780-9233 Fax (510) 780-9812
www.moonindiancuisine.net

TRAVEL FOR LESS INC.

INDIA | PAKISTAN | EUROPE

CST NO : 2031914-40

ਅਗਰ ਤੁਸੀ ਇੰਡਿਆ ਜਾਣ ਲਈ ਸਸਤੀਆਂ ਟਿਕਟਾਂ ਲੈਣ ਦੇ ਚਾਹਵਾਨ ਹੋ ਤਾ ਟਿਕਟ ਖ੍ਰੀਦਣ ਤੋ ਪਹਿਲਾਂ ਇੱਕ ਵਾਰ ਸਾਨੂੰ ਜਰੂਰ ਕਾਲ ਕਰੋ।

Fremont Office

BUY TRAVEL TICKETS AT WHOLESALE PRICE

TRAVEL FOR LESS INC
39156 STATE STREET
FREMONT CA - 94538
510-791-3300

Open 7 days a week

Still searching seats for December travel to INDIA
Call us for special fares

BBB IATAN

3RD TIME IN A ROW
2011 BEST OF FREMONT AWARD

Serving the Bay Area Since 1996

Fax: 510.791.3361 | Email: info@letsflyhome.com

www.letsflyhome.com

510-791-3300 (Fremont)
916-419-4323 (Sacramento)
559-892-0009 (Fresno)
661-829-4467 (Bakersfield)

TEC Equipment

Your Best Business Partner

ਨਵੇਂ ਅਤੇ ਪੁਰਾਣੇ ਟਰੱਕ ਖਰੀਦਣ ਲਈ ਅੱਜ ਹੀ ਮਿਲੋ

ਅਸੀਂ ਟਰੱਕਾਂ ਲਈ ਫਾਈਨਾਂਸ ਵੀ ਕਰਵਾ ਕੇ ਦਿੰਦੇ ਹਾਂ

Harjinder Singh Bal

Direct (510) 577-5509

Cell (510) 613-3573

hsingh@tecequipment.com

8099 S Coliseum Way
Oakland, CA 94621

www. tecequipment.com

ਪਰਦੇਸ ਟਾਇਮਜ਼

ਦੀ 10ਵੀਂ ਵਰ੍ਹੇਗੰਢ ਯੂਬਾ ਸਿਟੀ ਵਿਚ

ਪਰਦੇਸ ਟਾਇਮਜ਼ ਵੱਲੋਂ ਫੰਡ ਰੇਜਿੰਗ ਵੀ ਕੀਤੀ ਜਾਵੇਗੀ

ਦਿਨ ਸ਼ਨਿਚਰਵਾਰ 30 ਅਪ੍ਰੈਲ, 2016

ਸ਼ਾਮੀ 7 ਵਜੇ ਤੋਂ 10 ਵਜੇ ਤੱਕ ਮਨਾਈ ਜਾ ਰਹੀ ਹੈ

ਸਟੇਜ ਦੀ ਸੇਵਾ
ਗੁਰਮੇਜ ਸਿੰਘ ਗਿੱਲ, ਪ੍ਰਮਿੰਦਰ ਸਿੰਘ ਗਰੇਵਾਲ

ਸਪਾਂਸਰਸ਼ਿਪ

ਦੀਦਾਰ ਸਿੰਘ ਬੈਂਸ, ਸਰਬਜੀਤ ਸਿੰਘ ਥਿਆੜਾ, ਗੁਰਮੇਜ ਸਿੰਘ ਗਿੱਲ, ਹਰਦੀਪ ਸਿੰਘ ਢਾਡਲੀ, ਕੁਲਦੀਪ ਸਿੰਘ ਅਟਵਾਲ, ਗੁਰਨਾਮ ਸਿੰਘ ਪੰਮਾ, ਅਵਤਾਰ ਸਿੰਘ ਸਹੋਤਾ (ਤਾਰੀ), ਜਸਬੀਰ ਸਿੰਘ ਕੁਲਾਰ, ਸਰਬਜੀਤ ਸਿੰਘ ਸਾਬੀ, ਦਲਵੀਰ ਗਿੱਲ, ਬਲਰਾਜ ਢਿੱਲੋਂ, ਮੱਖਣ ਸਿੰਘ ਢਿੱਲੋਂ, ਮਨਦੀਪ ਢਿੱਲੋਂ, ਮਨਜੀਤ ਢਿੱਲੋਂ, ਅਜੈਬ ਸਿੰਘ ਮੱਲ੍ਹੀ, ਹਰਜੀਤ ਗਿੱਲ, ਗੁਰਮੀਤ ਤੱਖਰ, ਕਰਮ ਸਿੰਘ ਬੈਂਸ, ਮਨਜੀਤ ਬੈਂਸ, ਹਰਮਨ ਬਸਰਾ, ਗੁਰਦੀਪ ਗਿੱਲ, ਪਰਦੀਪ ਸਿੰਘ ਸਿੰਪੀ, ਬਲਜਿੰਦਰ ਬਾਜਵਾ, ਹਰਨੇਕ ਨੇਕਾ, ਬਲਜੀਤ ਸਿੰਘ ਢਿੱਲੋਂ, ਅਵਤਾਰ ਬੁੱਟਰ, ਹਰਨਰਿੰਦਰ ਪਿੰਕਾ, ਪਰਮਿੰਦਰ ਸਿੰਘ ਗਰੇਵਾਲ, ਭੁਪਿੰਦਰ ਸਿੰਘ, ਬੱਲੀ ਕੰਦੋਲਾ, ਹਰਮਨ ਸੰਧੂ, ਜਸਵਿੰਦਰ ਹੁੰਦਲ, ਸੁਖਵਿੰਦਰ ਸੈਣੀ, ਪਰਮਿੰਦਰ ਗਰੇਵਾਲ, ਮਾਸਟਰ ਔਜਲਾ, ਹਰਭਜਨ ਸਿੰਘ ਢੇਰੀ, ਜਸਵੰਤ ਬੈਂਸ, ਦਿਲਬਾਗ ਸਿੰਘ ਬੈਂਸ, ਮੇਜਰ ਸਰਪੰਚ, ਹਰਵਿੰਦਰ ਬਿੱਲਾ, ਹਰਮਨ ਸ਼ੇਰਗਿੱਲ, ਨਿਰਮਲ ਸਿੰਘ, ਨਾਹਰ ਹੀਰ, ਹੈਰੀ ਹੀਰ, ਕੁਲਦੀਪ ਸਹੋਤਾ 'ਬਿੱਲਾ', ਮਹਾ ਸਿੰਘ ਢਿੱਲੋਂ, ਦਲਜਿੰਦਰ ਅਟਵਾਲ, ਦਿਲਬਾਗ ਸਿੰਘ, ਸੇਵਾ ਸਿੰਘ ਮਾਨ, ਰਜਿੰਦਰ ਚੌਹਾਨ, ਹੈਪੀ ਚੀਮਾ, ਜੋਗਾ ਥਿਆੜਾ, ਪਾਲ ਸਿੰਘ ਗਿੱਲ, ਹਰਸੇਵ ਥਿਆੜਾ, ਜਸਵੰਤ ਬੋਪਾਰਾਏ, ਪਰਵਿੰਦਰ ਮਾਹੀ, ਦਿਲਬਾਗ ਸੰਧਰ, ਅਮਰੀਕ ਸਿੰਘ ਬੱਬੂ, ਮੇਵਾ ਸਿੰਘ ਬੈਂਸ, ਇੰਦਰਜੀਤ ਹੁੰਦਲ, ਸੋਢੀ ਧਾਮੀ, ਸ਼ਾਮ ਸਿੰਘ ਧੁੱਗਾ ਜੰਡ, ਹਰਪਾਲ ਜੌਹਲ ਅਤੇ ਸਿੱਖ ਸੇਵਾ ਸਿਮਰਨ ਸੁਸਾਇਟੀ, ਜੋਗਿੰਦਰ ਪਰਦੇਸੀ, ਇੰਦਰਜੀਤ ਸਿੰਘ ਮਾਨ, ਸਤਨਾਮ ਪਾਬਲਾ ਫਿਲਮ ਐਕਟਰ (ਅਗਲੀ ਫਿਲਮ ਚੈਲੰਜ), ਸੁਖਵਿੰਦਰ ਸਿੰਘ ਸੈਣੀ, ਹਰਨੇਕ ਸਿੰਘ (ਸਟਾਰ ਆਫ ਇੰਡੀਆ ਰੈਸਟੋਰੈਂਟ), ਕੈਸ਼ ਗਿੱਲ, ਸੁਖਰਾਜ ਸਿੰਘ ਪੰਮਾ।

ਸਪਾਂਸਰਸ਼ਿਪ ਤੇ ਹੋਰ ਜਾਣਕਾਰੀ ਲਈ ਕਾਲ ਕਰੋ

ਰਣਜੀਤ ਕੰਦੋਲਾ, ਮੈਨੇਜਿੰਗ ਐਡੀਟਰ
(530-315-1020)

ਬਲਬੀਰ ਸਿੰਘ ਐਮ.ਏ. (ਮੁੱਖ ਸੰਪਾਦਕ)
510-938-7771

ਪ੍ਰੋਗਰਾਮ ਦਾ ਸਥਾਨ

STAR OF INDIA RESTAURANT
YUBA CITY (NEAR DMV)

AAA AUTO AND BODY WORKS

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ਅਤੇ ਸਾਡੀਆਂ ਸੇਵਾਵਾਂ ਦਾ ਲਾਭ ਲਓ

Jasbir Singh Takhar
510-755-2132

Free Estimates
Free Towing

Harmandeep Singh

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine, Transmission, Body and Paint Work. We Sell Used Cars at a Good Price

1421 Industrial Pkwy West- F
Hayward, CA 94544

510- 733- 2222

M.K Nijjar DDS
Ruchi Nijjar DDS

LASER DENTISTRY

NO SHOTS, NO DRILL, NO PAIN!

- Esthetic Crowns, Bridges & Dentures
- Teeth Whitening-Oral Surgery
- Root Canal Treatments
- Treatment & Prevention of Gum Disease

FAMILY DENTISTRY

COSMETIC DENTISTRY

New Patients & Children Welcome

510-794-7058

www.drnijjar.com

Across From Washington Hospital & Bart
1895 Mowry Ave. Set 104 Fremont (Cal) 94536

Dudensing & Kim Law, LLP

ਪ੍ਰਸਨਲ ਇੰਜਰੀ ਅਤੇ ਘਰ ਮਾਲਕਾਂ ਦੇ ਅਧਿਕਾਰਾਂ ਦੀ ਉਲੰਘਣਾ, ਜਦੋਂ ਬੈਂਕ ਗਲਤ ਤਰੀਕੇ ਨਾਲ ਤੁਹਾਡੇ ਘਰ ਨੂੰ ਘੱਟ ਕੀਮਤ ਤੇ ਵੇਚਦੇ ਹਨ। ਇਹਨਾਂ ਮੁਸ਼ਕਿਲਾਂ ਵਿਚ ਸਾਨੂੰ ਇਕ ਵਾਰ ਜ਼ਰੂਰ ਦਰਸ਼ਨ ਦਿਓ

Dudensing & Kim Law, LLP practices in the areas of personal Injury and violations of homeowner's rights when banks wrongfully foreclose on their homes.

All consultations are free. Associate attorney, Sukhtej H. Atwal (T. J) speaks Punjabi and can provide legal translation services.

Jan Dudensing, a member of the California State Bar is responsible for this advertisement.

We are located at

925 G Street, Sacramento, CA 95814

916-448-3122

Preet Fabrics & Appliance

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ, ਫੈਸ਼ਨ ਦਾ ਹੋਰ ਸਾਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ।
ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਾਮਾਨ ਵੀ ਮਿਲਦਾ ਹੈ।

YOUR ONE-STOP CENTER FOR BOTH FABRICS & APPLIANCES

5156 mowry AVE. Fremont, CA 94538

TEL : 510-797-7111 FAX : 510-739-6350

(For More Info. Call Onkar)

APPLIANCES

WE CARRY ALL MAJOR BRANDS!!

SONY, SANY, JVC, PANASONIC, LUGGAGE CROSS, PARKER PENS, OSTER BLENDERS

- Tvs, VCRs, DVD
- Tape Recorders
- Camcorders
- DVD Players
- Cordless Phones
- Watches (Seiko, Citizen & Swistar)
- Shavers & Trimmers
- Cellular Phones
- Medical Equipment
- Calling Cards

ਭਾਰਤ ਦੀ ਸਭ ਤੋਂ ਖ਼ਤਰਨਾਕ ਅੱਤਵਾਦੀ ਜਥੇਬੰਦੀ, ਮਾਓਵਾਦੀ (ਨਕਸਲਬਾੜੀ)

29 ਮਾਰਚ ਨੂੰ ਮਾਓਵਾਦੀਆਂ ਨੇ ਛੱਤੀਸਗੜ੍ਹ ਦੇ ਜ਼ਿਲ੍ਹਾ ਦਾਂਤੇਵਾੜਾ ਵਿੱਚ ਬਾਰੂਦੀ ਸੁਰੰਗ ਨਾਲ ਸੀ.ਆਰ.ਪੀ.ਐਫ ਦੀ ਬਖ਼ਤਰਬੰਦ ਗੱਡੀ ਉਡਾ ਕੇ 7 ਜਵਾਨ ਸ਼ਹੀਦ ਕਰ ਦਿੱਤੇ। ਮਾਓਵਾਦੀ ਹਿੰਸਾ ਦੇ ਇਸ ਅਜਗਰ ਨੇ ਹੁਣ ਤੱਕ ਭਾਰਤ ਦੀ ਕਿਸੇ ਵੀ ਅੱਤਵਾਦੀ ਲਹਿਰ ਤੋਂ ਜ਼ਿਆਦਾ ਬੇਗੁਨਾਹ ਨਿਗਲੇ ਹਨ। ਭਾਰਤ-ਪਾਕਿਸਤਾਨ ਦਰਮਿਆਨ 1947-48, 1965, 1971 ਅਤੇ ਕਾਰਗਿਲ ਯੁੱਧ ਹੋਏ ਹਨ। ਇਹਨਾਂ ਯੁੱਧਾਂ ਵਿੱਚ ਵਿੱਚ 1947-48 ਵਿੱਚ 1500, 1965 ਵਿੱਚ 3548, 1971 ਵਿੱਚ 3000, ਕਾਰਗਿਲ ਵਿੱਚ 527 ਅਤੇ 1962 ਦੇ ਭਾਰਤ-ਚੀਨ ਯੁੱਧ ਵਿੱਚ 1383, ਕੁੱਲ 9958 ਭਾਰਤੀ ਜਵਾਨ ਵੀਰਗਤੀ ਨੂੰ ਪ੍ਰਾਪਤ ਹੋਏ ਸਨ। ਪਰ ਇਸ ਖ਼ੂਨੀ ਜਥੇਬੰਦੀ ਹੱਥੋਂ ਸਾਰੀਆਂ ਜੰਗਾਂ ਤੋਂ ਵੱਧ, 2500 ਜਵਾਨਾਂ ਸਮੇਤ 13362 ਵਿਅਕਤੀ ਜਾਨ ਤੋਂ ਹੱਥ ਧੋ ਚੁੱਕੇ ਹਨ। 50000 ਲੋਕਾਂ ਨੂੰ ਘਰੋਂ ਬੇਘਰ ਹੋਣਾ ਪਿਆ ਹੈ।

ਅੱਤਵਾਦੀ ਘੋਸ਼ਿਤ ਕੀਤੀ ਜਾ ਚੁੱਕੀ ਮਾਓਵਾਦੀ ਜਥੇਬੰਦੀ ਆਪਣਾ ਆਦਰਸ਼ ਚੀਨ ਵਿੱਚ ਕ੍ਰਾਂਤੀ ਕਰਨ ਵਾਲੇ ਕਮਿਊਨਿਸਟ ਲੀਡਰ ਮਾਓ ਜ਼ੇ ਤੁੰਗ ਨੂੰ ਮੰਨਦੇ ਹਨ। ਨਕਸਲਬਾੜੀ ਸ਼ਬਦ ਪੱਛਮੀ ਬੰਗਾਲ ਦੇ ਨਕਸਲਬਾੜੀ ਪਿੰਡ ਤੋਂ ਲਿਆ ਗਿਆ ਹੈ ਜਿੱਥੇ 22 ਅਪਰੈਲ 1967 ਨੂੰ ਚਾਰੂ ਮਜ਼ੂਮਦਾਰ, ਕਾਨੂੰ ਸਨਿਆਲ ਅਤੇ ਜਾਗਲ ਸੰਥਾਲ ਨੇ ਮਿਲ ਕੇ ਭੂਮੀਹੀਣ ਕਿਸਾਨਾਂ ਨੂੰ ਜ਼ਮੀਨ ਦੇ ਮਾਲਕੀ ਹੱਕ ਦਿਵਾਉਣ ਖ਼ਾਤਰ ਸਥਾਨਿਕ ਜਗੀਰਦਾਰ ਦੇ ਖ਼ਿਲਾਫ਼ ਹਿੰਸਕ ਲਹਿਰ ਚਲਾਈ ਸੀ। ਇਹ ਲਹਿਰ ਉਸ ਸਮੇਂ ਉੱਤਰੀ ਭਾਰਤ ਦੇ ਵੱਡੇ ਖੇਤਰ ਵਿੱਚ ਫੈਲ ਗਈ ਸੀ। ਗਰੀਬ ਜਨਤਾ ਤੋਂ ਇਲਾਵਾ ਪੜ੍ਹੇ ਲਿਖੇ ਟੀਚਰ, ਪ੍ਰੋਫੈਸਰ ਅਤੇ ਵਿਦਿਆਰਥੀ ਇਸ ਵਿੱਚ ਕੁੱਦ ਪਏ ਸਨ। ਇਸ ਲਹਿਰ ਵਿੱਚ ਸੈਂਕੜੇ ਨਕਸਲੀ, ਪੁਲਿਸ ਅਫਸਰ ਤੇ ਆਮ ਸਿਵਲੀਅਨ ਮਾਰੇ ਗਏ ਸਨ। ਕਾਨੂੰ ਸਨਿਆਲ ਅਤੇ ਚਾਰੂ ਮਜ਼ੂਮਦਾਰ ਦੀ ਮੌਤ ਨਾਲ ਇਸ ਲਹਿਰ ਨੂੰ ਸਖ਼ਤ ਧੱਕਾ ਲੱਗਾ। ਇਸ ਨੂੰ ਸਖ਼ਤੀ ਨਾਲ ਦਬਾ ਦਿੱਤਾ ਗਿਆ ਪਰ ਛਿਟਪੁੱਟ ਘਟਨਾਵਾਂ ਚੱਲਦੀਆਂ ਰਹੀਆਂ। ਇਸ ਜਥੇਬੰਦੀ ਵਿੱਚ ਸਮੇਂ ਸਮੇਂ 'ਤੇ ਫੁੱਟ ਪੈਂਦੀ ਰਹੀ ਹੈ। 1980 ਤੱਕ ਨਕਸਲੀ ਗੁੱਟਾਂ ਦੀ ਗਿਣਤੀ 30 ਤੱਕ ਪਹੁੰਚ ਗਈ ਸੀ।

ਮਾਓਵਾਦੀ ਲਹਿਰ ਨੂੰ ਉਸ ਵੇਲੇ ਵੱਡਾ ਹੁਲਾਰਾ ਮਿਲਿਆ ਜਦੋਂ 22 ਅਪਰੈਲ 1980 ਨੂੰ ਆਂਧਰਾ ਪ੍ਰਦੇਸ਼ ਵਿੱਚ ਕੋਂਡਾਪੱਲੀ ਸੀਤਾਰਮੱਈਆ ਨੇ ਪੀਪਲਜ਼ ਵਾਰ ਗਰੁੱਪ ਦੀ ਸਥਾਪਨਾ ਕੀਤੀ। ਉਸ ਦੀ ਅਗਵਾਈ ਹੇਠ ਇਸ ਗਰੁੱਪ ਨੇ ਹੈਰਾਨੀਜਨਕ ਤਰੱਕੀ ਕੀਤੀ। ਇਹ ਭਾਰਤ ਦੇ ਅਨੇਕਾਂ ਸੂਬਿਆਂ ਵਿੱਚ ਫੈਲ ਗਿਆ। ਬਾਅਦ ਵਿੱਚ ਉਸ ਖ਼ਿਲਾਫ਼ ਬਗ਼ਾਵਤ ਕਰਕੇ ਮੌਜੂਦਾ ਮੁਖੀ ਮੁਪਾਲਾ ਲਕਸ਼ਮਣ ਰਾਉ ਉਰਫ ਗਣਪਤੀ ਅਤੇ ਮਾਲੋਜੁਲਾ ਕੋਟੇਸ਼ਵਰਾ ਰਾਉ ਉਰਫ ਕਿਸ਼ਨਜੀ ਨੇ ਕਮਾਂਡ ਸੰਭਾਲ ਲਈ। ਸੀਤਾਰਮੱਈਆ ਦੀ 12 ਅਪਰੈਲ 2002 ਨੂੰ ਗੁੰਮਨਾਮੀ ਦੀ ਹਾਲਤ ਵਿੱਚ ਮੌਤ ਹੋ ਗਈ। ਇਸ ਵੇਲੇ ਇਹ ਗਰੁੱਪ ਭਾਰਤ ਵਿੱਚ ਸਭ ਤੋਂ ਵੱਧ ਅਤੇ ਬੇਰਹਿਮ ਹਮਲਿਆ ਲਈ ਬਦਨਾਮ ਹੈ। ਮਾਓਵਾਦੀ ਬਿਹਾਰ, ਝਾਰਖੰਡ, ਤੇਲੰਗਾਨਾ ਅਤੇ ਆਂਧਰਾ ਪ੍ਰਦੇਸ਼ ਦੇ ਵਧੇਰੇ ਹਿੱਸੇ ਤੋਂ ਇਲਾਵਾ ਕਰਨਾਟਕ, ਛੱਤੀਸਗੜ੍ਹ, ਉੜੀਸਾ, ਆਂਧਰਾ ਪ੍ਰਦੇਸ਼, ਮਹਾਰਾਸ਼ਟਰ, ਉੱਤਰ ਪ੍ਰਦੇਸ਼ ਅਤੇ ਪੱਛਮੀ ਬੰਗਾਲ ਸਮੇਤ 14 ਸੂਬਿਆਂ ਦੇ 132 ਜ਼ਿਲ੍ਹਿਆਂ ਵਿੱਚ ਜ਼ਬਰਦਸਤ ਪ੍ਰਭਾਵ ਰੱਖਦੇ ਹਨ। ਇਸ ਦਾ ਪੱਛਮੀ ਬੰਗਾਲ ਦੇ ਜੰਗਲਮਹਲ ਅਤੇ ਲਾਲਗੜ੍ਹ ਵਰਗੇ ਕਈ ਇਲਾਕਿਆਂ ਵਿੱਚ ਇੱਕ ਤਰਾਂ ਨਾਲ ਰਾਜ ਹੀ ਚੱਲਦਾ ਹੈ। ਇਸ ਦੇ ਕਬਜ਼ੇ ਹੇਠਲੇ ਇਲਾਕੇ ਨੂੰ ਰੈੱਡ ਕਾਰੀਡੋਰ ਕਿਹਾ ਜਾਂਦਾ ਹੈ।

ਨਕਸਲੀਏ ਆਦੀਵਾਸੀਆਂ, ਪੁਲਿਸ, ਅਰਧ ਸੈਨਿਕ ਬਲਾਂ, ਠੇਕੇਦਾਰਾਂ, ਉਦਯੋਗਪਤੀਆਂ ਅਤੇ ਸਰਕਾਰੀ ਕਰਮਚਾਰੀਆਂ ਆਦਿ 'ਤੇ ਹਮਲੇ ਕਰਦੇ ਰਹਿੰਦੇ ਹਨ। ਉਹ ਗਰੀਬ ਜਨਤਾ ਦਾ ਹਮਦਰਦ ਹੋਣ ਦਾ ਦਾਅਵਾ ਕਰਦੇ ਹਨ ਪਰ ਕਤਲੇਆਮ ਕਰਨ ਵੇਲੇ ਪੁਲਿਸ ਜਾਂ ਆਮ ਲੋਕਾਂ ਵਿੱਚ ਫਰਕ ਨਹੀਂ ਕਰਦੇ। 28 ਮਈ 2010 ਨੂੰ ਬਿਹਾਰ ਵਿੱਚ ਰੇਲ ਪਟੜੀ ਉਡਾ ਕੇ ਕਲਕੱਤਾ-ਮੁੰਬਈ ਟਰੇਨ ਦੇ 150 ਬੇਗੁਨਾਹ ਯਾਤਰੀ ਕਤਲ ਕਰ ਦਿੱਤੇ ਸਨ। ਇਸ ਜਥੇਬੰਦੀ ਨੂੰ ਅੰਤਰਰਾਸ਼ਟਰੀ ਪ੍ਰਸਿੱਧੀ 25 ਮਈ 2013 ਦੇ ਦਰਬਾ ਘਾਟੀ, ਛੱਤੀਸਗੜ੍ਹ ਦੇ ਹਮਲੇ ਵਿੱਚ ਮਿਲੀ। 250 ਮਾਓਵਾਦੀਆਂ ਵੱਲੋਂ ਕੀਤੇ ਗਏ ਇਸ ਹਮਲੇ ਵਿੱਚ ਛੱਤੀਸਗੜ੍ਹ ਦੇ ਸਾਬਕਾ ਮੰਤਰੀ ਮਹਿੰਦਰ ਕਰਮਾ, ਸੂਬਾ ਪ੍ਰਧਾਨ ਨੰਦ ਕੁਮਾਰ ਪਟੇਲ ਅਤੇ ਸਾਬਕਾ ਕੇਂਦਰੀ ਮੰਤਰੀ ਵਿਦਿਆਚਰਨ ਸ਼ੁਕਲਾ ਸਮੇਤ 24 ਕਾਂਗਰਸੀ ਲੀਡਰ ਅਤੇ 8 ਪੁਲਸ ਵਾਲੇ ਮਾਰੇ ਗਏ ਸਨ। ਛੱਤੀਸਗੜ੍ਹ ਸਰਕਾਰ ਵੱਲੋਂ 2005 ਵਿੱਚ ਮਾਓਵਾਦ ਦਾ ਮੁਕਾਬਲਾ ਕਰਨ ਲਈ ਸਲਵਾ ਜੁੰਡਮ ਮਿਲਸ਼ੀਆ ਦਾ ਗਠਨ ਕੀਤਾ ਗਿਆ ਸੀ। ਇਸ ਮਿਲਸ਼ੀਆ ਵਿੱਚ ਆਦੀਵਾਸੀ ਜਵਾਨਾਂ ਨੂੰ ਭਰਤੀ ਕਰਕੇ ਸਿਖਲਾਈ ਅਤੇ ਹਥਿਆਰ ਦਿੱਤੇ ਗਏ ਸਨ। ਪਰ ਇਸ ਖ਼ਿਲਾਫ਼ ਕਈ ਤਰਾਂ ਦੇ ਇਲਜ਼ਾਮ ਲੱਗਣ ਕਾਰਨ ਇਹ ਤੋੜਨੀ ਪਈ ਸੀ।

ਬਲਰਾਜ ਸਿੰਘ ਸਿੱਧੂ
ਐਸ. ਪੀ.
9815124449

ਮਾਓਵਾਦੀਆਂ ਨੇ ਕਈ ਭਿਆਨਕ ਹਮਲੇ ਕੀਤੇ ਹਨ। ਉਹਨਾਂ ਨੇ ਅਕਤੂਬਰ 2003 ਨੂੰ ਉਸ ਵੇਲੇ ਦੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰ ਬਾਬੂ ਨਾਇਡੂ ਦੀ ਕਾਰ ਇੱਕ ਬਾਰੂਦੀ ਸੁਰੰਗ ਧਮਾਕੇ ਨਾਲ ਉਡਾ ਦਿੱਤੀ ਸੀ। ਨਾਇਡੂ ਤਾਂ ਜ਼ਖ਼ਮੀ ਹੋ ਕੇ ਵਾਲ ਵਾਲ ਬਚ ਗਿਆ ਪਰ ਕਈ ਜਵਾਨ ਤੇ ਸਾਥੀ ਮਾਰੇ ਗਏ। 2004 ਵਿੱਚ ਇਕ ਦਲੇਰਾਨਾ ਹਮਲੇ ਵਿੱਚ 1000 ਮਾਓਵਾਦੀਆਂ ਨੇ ਉੜੀਸਾ ਦੇ ਜ਼ਿਲ੍ਹਾ ਹੈੱਡਕਵਾਟਰ ਕੋਰਾਪੁਟ 'ਤੇ ਹਮਲਾ ਕਰਕੇ ਪੰਜ ਪੁਲਿਸ ਸਟੇਸ਼ਨ, ਕੋਰਾਪੁੱਟ ਜੇਲ੍ਹ, ਉੜੀਸਾ ਆਰਮਡ ਪੁਲਿਸ ਦੀ ਇੱਕ ਬਟਾਲੀਅਨ ਅਤੇ ਐਸ.ਐਸ.ਪੀ ਦੇ ਦਫਤਰ ਸਮੇਤ ਪੁਲਿਸ ਦਾ ਅਸਲ੍ਹਾਖਾਨਾ ਲੁੱਟ ਲਿਆ ਸੀ। ਉਹ ਆਪਣੇ ਸਾਥੀ ਕੈਦੀਆਂ ਸਮੇਤ 50 ਕਰੋੜ ਮੁੱਲ ਦੇ 200 ਅਤਿ ਆਧੁਨਿਕ ਹਥਿਆਰ ਲੁੱਟ ਕੇ ਲੈ ਗਏ। 13 ਨਵੰਬਰ 2005 ਨੂੰ ਬਿਹਾਰ ਦੇ ਜਹਾਨਾਬਾਦ ਸ਼ਹਿਰ ਨੂੰ ਘੇਰਾ ਪਾ ਕੇ ਜੇਲ੍ਹ ਤੋੜ ਕੇ 130 ਮਾਓਵਾਦੀਆਂ ਸਮੇਤ 375 ਕੈਦੀ ਛੁਡਾ ਲਏ ਗਏ। 7 ਘੰਟੇ ਚੱਲੇ ਇਸ ਉਪਰੇਸ਼ਨ ਵਿੱਚ ਰਣਵੀਰ ਸੈਨਾ ਦੇ ਕਾਰਕੁੰਨ ਅਤੇ ਹਿੱਟ ਲਿਸਟ ਵਾਲੇ ਪੁਲਿਸ ਅਫਸਰ ਚੁਣ ਚੁਣ ਕੇ ਮਾਰੇ ਗਏ। 185 ਰਾਈਫਲਾਂ ਤੇ 10000 ਰੌਂਦ ਲੁੱਟ ਲਏ। 24 ਮਾਰਚ 2006 ਨੂੰ 500 ਮਾਓਵਾਦੀਆਂ ਨੇ ਉੜੀਸਾ ਦੀ ਆਰਮਡ ਪੁਲਿਸ ਦੀ ਉਦੇਗਿਰੀ ਕੈਂਪ 'ਤੇ ਹਮਲਾ ਕਰਕੇ ਹਥਿਆਰ ਲੁੱਟ ਲਏ ਤੇ 40 ਕੈਦੀ ਛੁਡਾ ਲਏ।

17 ਜੁਲਾਈ 2006 ਨੂੰ 800 ਮਾਓਵਾਦੀਆਂ ਨੇ ਛੱਤੀਸਗੜ੍ਹ ਦੇ ਦਾਂਤੇਵਾੜਾ ਵਿੱਚ ਇੱਕ ਰਿਲੀਫ ਕੈਂਪ 'ਤੇ ਹਮਲਾ ਕਰਕੇ 25 ਬੰਦੇ ਮਾਰ ਦਿੱਤੇ ਤੇ 50 ਅਗਵਾ ਕਰ ਲਏ। 2007 ਵਿੱਚ ਝਾਰਖੰਡ ਮੁਕਤੀ ਮੋਰਚੇ ਦਾ ਐਮ.ਪੀ. ਸੁਨੀਲ ਕੁਮਾਰ ਮਹਤੋ ਕਤਲ ਕਰ ਦਿੱਤਾ। 2007 ਵਿੱਚ 500 ਨਕਸਲੀਆਂ ਨੇ ਝਾਰਖੰਡ ਵਿੱਚ ਇੱਕ ਕੈਂਪ 'ਤੇ ਹਮਲਾ ਕਰਕੇ 55 ਪੁਲਿਸ ਵਾਲਿਆਂ ਨੂੰ ਮਾਰ ਦਿੱਤਾ। 2007 ਵਿੱਚ ਹੀ ਦਾਂਤੇਵੜਾ ਜੇਲ੍ਹ ਤੇ ਹਮਲਾ ਕਰਕੇ 303 ਮਾਓਵਾਦੀ ਛੁਡਾ ਲਏ। 2007 ਵਿੱਚ ਹੀ ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਬਾਬੂ ਲਾਲ ਮਰਾਂਡੀ ਦੇ ਲੜਕੇ ਨੂੰ 17 ਸਾਥੀਆਂ ਸਮੇਤ ਗਿਰਡੀਹ ਜ਼ਿਲ੍ਹੇ ਦੇ ਪਿੰਡ ਚਿਲਖੜੀਆ ਵਿੱਚ ਮਾਰ ਦਿੱਤਾ ਗਿਆ। 6 ਅਪਰੈਲ 2010 ਨੂੰ ਭਾਰਤ ਦੇ ਇਤਿਹਾਸ ਵਿੱਚ ਇੱਕੋ ਦਿਨ ਸਭ ਤੋਂ ਵੱਧ ਸੁਰੱਖਿਆ ਦਸਤੇ ਅੱਤਵਾਦ ਦੀ ਭੇਂਟ ਚੜ੍ਹ ਗਏ ਜਦੋਂ ਦਾਂਤੇਵਾੜਾ, ਛੱਤੀਸਗੜ੍ਹ ਵਿੱਚ 74 ਜਵਾਨ ਮਾਓਵਾਦੀਆਂ ਦੇ ਵੱਖ ਵੱਖ ਹਮਲਿਆਂ ਵਿੱਚ ਮਾਰੇ ਗਏ। ਅਪਰੈਲ 2012 ਵਿੱਚ ਛੱਤੀਸਗੜ੍ਹ ਦੇ ਜ਼ਿਲ੍ਹਾ ਸੁਕਮਾ ਦੇ ਡੀ.ਸੀ. ਅਲੈਕਸਪਾਲ ਨੂੰ ਅਗਵਾ ਕਰਕੇ ਕਈ ਮਹੀਨੇ ਹਿਰਾਸਤ ਵਿੱਚ ਰੱਖਿਆ। ਅਖੀਰ ਕਈ ਮੰਗਾਂ ਮੰਨਵਾਕੇ ਹੀ ਉਸ ਦੀ ਰਿਹਾਈ ਕੀਤੀ ਗਈ ਸੀ। ਇਸ ਸੰਗਠਨ ਦਾ ਪੂਰਾ ਨਾਮ ਕਮਿਊਨਿਸਟ ਪਾਰਟੀ ਆਫ ਇੰਡੀਆ (ਮਾਓਵਾਦੀ) ਹੈ। ਇਸ ਦਾ ਮੁਖੀ (ਜਨਰਲ ਸੈਕਟਰੀ) ਇਸ ਵੇਲੇ ਮੁਪੱਲਾ ਲਕਸ਼ਮੀ ਰਾਉ ਉਰਫ ਗਣਪਤੀ ਹੈ। ਇਸ ਦਾ ਜਨਮ 16 ਜੂਨ 1949 ਨੂੰ ਤੇਲੰਗਾਨਾ ਦੇ ਜ਼ਿਲ੍ਹਾ ਕਰੀਮਨਗਰ ਦੇ ਪਿੰਡ ਸਾਰੰਗਪੁਰ ਵਿੱਚ ਹੋਇਆ ਸੀ। ਉਹ ਸਾਇੰਸ ਗਰੈਜੂਏਟ ਅਤੇ ਬੀ ਐੱਡ ਹੈ। ਇਸ ਲਹਿਰ ਵਿੱਚ ਕੁੱਦਣ ਤੋਂ ਪਹਿਲਾਂ ਉਹ ਟੀਚਰ ਦੀ ਸਰਕਾਰੀ ਨੌਕਰੀ ਕਰਦਾ ਸੀ। ਉਹ ਤੇ ਸੀਤਾਰਮੱਈਆ ਇਸ ਜਥੇਬੰਦੀ ਦੇ ਮੋਢੀ ਮੈਂਬਰ ਸਨ। ਮਾਓਵਾਦ ਨੂੰ ਇਸ ਉਚਾਈ ਦੀ ਪਹੁੰਚਾਉਣ ਵਿੱਚ ਉਸ ਦਾ ਹੀ ਹੱਥ ਹੈ। ਬਾਅਦ ਵਿੱਚ ਉਹ ਮਤਭੇਦਾਂ ਦੇ ਚੱਲਦੇ ਸੀਤਾਰਮੱਈਆਂ ਨੂੰ ਲਾਹ ਕੇ ਖ਼ੁਦ ਮੁਖੀ ਬਣ ਗਿਆ। ਉਸ ਦੇ ਯਤਨਾਂ ਨਾਲ ਹੀ 2004 ਵਿੱਚ ਪੀਪਲਜ਼ ਵਾਰ ਗਰੁੱਪ ਅਤੇ ਮਾਓਇਸਟ ਕਮਿਊਨਿਸਟ ਸੈਂਟਰ ਦਾ ਰਲੇਵਾਂ ਹੋਇਆ। ਇਸ ਕਾਰਨ ਇਸ ਗਰੁੱਪ ਦੀ ਮਾਰਕ ਤਾਕਤ ਸਿਖਰ 'ਤੇ ਪਹੁੰਚ ਗਈ। ਸੰਗਠਨ ਦੀਆਂ ਪਾਲਸੀਆਂ ਤਿਆਰ ਕਰਨ ਲਈ 15 ਮੈਂਬਰਾਂ ਦੀ ਪੋਲਿਟ ਬਿਊਰੋ ਹੈ। ਪ੍ਰਸ਼ਾਂਤ ਬੋਸ ਉਰਫ ਕਿਸ਼ਨ ਦਾ ਅਤੇ ਕਾਤਾਕਮ ਸੁਦਰਸ਼ਨ ਉਰਫ ਆਨੰਦ ਇਸ ਦੇ ਪ੍ਰਮੁੱਖ ਮੈਂਬਰ ਹਨ। 24 ਨਵੰਬਰ 2011 ਨੂੰ ਪੱਛਮੀ ਬੰਗਾਲ ਵਿੱਚ ਇੱਕ ਮੁਕਾਬਲੇ ਵਿੱਚ ਮਾਰਿਆ ਗਿਆ ਖ਼ਤਰਨਾਕ ਨਕਸਲੀ ਮਾਲੋਜੁਲਾ ਕੋਟੇਸ਼ਵਰ ਰਾਉ ਉਰਫ ਕਿਸ਼ਨ ਜੀ ਵੀ ਪੋਲਿਟ ਬਿਊਰੋ ਮੈਂਬਰ ਸੀ। ਉਹ ਸਭ ਤੋਂ ਵੱਡੇ ਹਮਲਿਆਂ ਦੀ ਖ਼ੁਦ ਅਗਵਾਈ ਕਰਦਾ ਸੀ। ਇਸ ਤੋਂ ਬਾਅਦ 32 ਮੈਂਬਰੀ ਸੈਂਟਰਲ ਕਮੇਟੀ, ਰੀਜਨਲ ਕਮੇਟੀਆਂ, ਸਟੇਟ ਕਮੇਟੀਆਂ, ਜ਼ਿਲ੍ਹਾ ਕਮੇਟੀਆਂ ਅਤੇ ਅਖੀਰ ਵਿੱਚ ਹਥਿਆਰਬੰਦ ਟੁਕੜੀਆਂ ਹਨ। ਸੂਚਨਾ ਅੱਗੇ ਤੋਂ ਅੱਗੇ ਪਹੁੰਚਦੀ ਰਹਿੰਦੀ ਹੈ। ਬਹੁਤ ਵੱਡਾ ਐਕਸ਼ਨ ਕਰਨ ਵੇਲੇ ਪੋਲਿਟ ਬਿਊਰੋ ਮੈਂਬਰ ਹਾਜ਼ਰ ਰਹਿੰਦੇ ਹਨ। ਇਸ ਦੀ ਹਥਿਆਰਬੰਦ ਸ਼ਾਖਾ ਦਾ ਨਾਮ ਸੈਂਟਰਲ ਮਿਲਟਰੀ ਕਮਿਸ਼ਨ ਹੈ। ਇਸ ਦਾ ਇੰਚਾਰਜ ਨਾਂਬਲ ਕੇਸ਼ਵ ਰਾਉ ਉਰਫ ਬਾਸਵਰਾਜ ਹੈ। ਆਨੰਦ, ਅਰਵਿੰਦ ਜੀ, ਅਨੁਜ ਠਾਕਰ, ਕਿਸ਼ਨ ਜੀ ਅਤੇ ਚੰਦਰਮੌਲੀ ਇਸ ਦੇ ਮੈਂਬਰ ਸਨ। ਸੰਗਠਨ ਦੀ ਆਪਣੀ ਅਖ਼ਬਾਰ ਅਤੇ ਪ੍ਰਚਾਰ ਦੇ ਹੋਰ ਸਾਧਨ ਹਨ। ਸੁਧਾਕਰ ਉਰਫ ਕਿਰਨ ਪ੍ਰਾਪੇਗੰਡਾ ਇੰਚਾਰਜ ਹੈ।

ਇਸ ਦੀ ਪੀਪਲਜ਼ ਲਿਬਰੇਸ਼ਨ ਗੁਰੀਲਾ ਆਰਮੀ ਵਿੱਚ ਅਧੁਨਿਕ ਹਥਿਆਰਾ ਨਾਲ ਲੈਸ ਕਰੀਬ 10000 ਕੁੱਲਵਕਤੀ ਅੱਤਵਾਦੀ ਹਨ। ਇਸ ਤੋਂ ਇਲਾਵਾ ਇਹਨਾਂ ਦੀ ਮਦਦ ਲਈ ਰਵਾਇਤੀ ਹਥਿਆਰਾਂ ਨਾਲ ਲੈਸ ਗੁਪਤ ਤੌਰ 'ਤੇ ਪੀਪਲਜ਼ ਮਿਲਸ਼ੀਆ ਨਾਮਕ ਜਥੇਬੰਦੀ ਦੇ 40000 ਵਰਕਰ ਹਨ। ਇਸ ਦੇ ਸਾਰੇ ਲੜਾਕੇ ਵਲੰਟੀਅਰ ਹਨ, ਉਹਨਾਂ ਨੂੰ ਕੋਈ ਤਨਖ਼ਾਹ ਨਹੀਂ ਮਿਲਦੀ। ਇਹਨਾ ਨੂੰ ਘਾਤ ਲਾ ਕੇ ਹਮਲਾ ਕਰਨ ਵਿੱਚ ਗਜ਼ਬ ਦੀ ਮੁਹਾਰਤ ਹਾਸਲ ਹੈ। ਵੱਡੇ ਹਮਲੇ ਲਈ ਆਸ ਪਾਸ ਦੇ ਸੂਬਿਆਂ ਤੋਂ 500-600 ਤੱਕ ਬੰਦੇ ਇਕੱਠੇ ਕੀਤੇ ਜਾਂਦੇ ਹਨ। ਦਰਬਾ ਘਾਟੀ ਕਾਂਗਰਸ ਪਦ ਯਾਤਰਾ 'ਤੇ ਹਮਲਾ ਕਰਨ ਸਮੇਂ ਛੱਤੀਸਗੜ੍ਹ, ਉੜੀਸਾ ਅਤੇ ਆਂਧਰਾ ਪ੍ਰਦੇਸ਼ ਤੋਂ ਲੜਾਕੇ ਮੰਗਵਾਏ ਗਏ ਸਨ। ਮਾਓਵਾਦੀ ਹਮਲਿਆਂ ਲਈ ਆਰ.ਡੀ.ਐਕਸ. 303, ਇੰਸਾਸ, ਏ.ਕੇ.47 ਅਤੇ ਐਸ.ਐਲ.ਆਰ ਰਾਈਫਲਾਂ ਦਾ ਪ੍ਰਯੋਗ ਕਰਦੇ ਹਨ। ਇਹ ਹਥਿਆਰ ਜਾਂ ਤਾਂ ਸੁਰੱਖਿਆਂ ਦਸਤਿਆਂ ਤੋਂ ਖੋਹੇ ਹੁੰਦੇ ਹਨ ਜਾਂ ਉੱਤਰ ਪੂਰਬੀ ਭਾਰਤ, ਚੀਨ, ਬਰਮਾ, ਬੰਗਲਾਦੇਸ਼ ਅਤੇ ਨੇਪਾਲ ਆਦਿ ਦੀਆਂ ਹਮਖ਼ਿਆਲ ਖੱਬੇ ਪੱਖੀ ਜਥੇਬੰਦੀਆਂ ਤੋਂ ਖ਼ਰੀਦੇ ਜਾਂਦੇ ਹਨ। ਇਹਨਾਂ ਦੀਆਂ ਆਪਣੀਆਂ ਫੈਕਟਰੀਆਂ ਵਿੱਚ ਦੇਸੀ ਕੱਟੇ ਤੋਂ ਲੈ ਕੇ ਵਧੀਆ ਅਸਾਲਟਾਂ ਤਿਆਰ ਕੀਤੀਆਂ ਜਾ ਰਹੀਆਂ ਹਨ। ਇਹ ਆਪਣੇ ਕੇਡਰਾਂ ਦੀ ਟਰੇਨਿੰਗ 'ਤੇ ਵਿਸ਼ੇਸ਼ ਧਿਆਨ ਦੇਂਦੇ ਹਨ। ਇਹ ਭਾਰਤ ਦੀ ਪਹਿਲੀ ਅੱਤਵਾਦੀ ਜਥੇਬੰਦੀ ਹੈ ਜਿਸ ਦੇ ਕੇਡਰ ਵਿੱਚ ਔਰਤਾਂ ਪੂਰੀ ਤਰਾਂ ਨਾਲ ਸਰਗਰਮ ਹਨ। ਇਸ ਦੀ ਕੁੱਲ ਲੜਾਕੂ ਫੋਰਸ ਵਿੱਚੋਂ 40ਗ ਔਰਤਾਂ ਹਨ। ਇਸ ਦੀਆਂ 27 ਡਵੀਜ਼ਨਾਂ ਵਿੱਚੋਂ 20 ਦੀ ਕਮਾਂਡ ਔਰਤਾਂ ਹੱਥ ਹੈ। ਇਸ ਦੀ ਆਪਣੀ ਮੈਡੀਕਲ ਯੂਨਿਟ ਹੈ ਜਿਸ ਵਿੱਚ ਔਰਤਾਂ ਮੁੱਖ ਤੌਰ 'ਤੇ ਕੰਮ ਕਰਦੀਆਂ ਹਨ। ਇਸ ਦੇ ਡਾਕਟਰ ਆਪਣੇ ਜ਼ਖ਼ਮੀਆਂ ਦਾ ਆਪ ਹੀ ਇਲਾਜ ਕਰਦੇ ਹਨ। ਇਸ ਤੋਂ ਇਲਾਵਾ ਆਪਣੇ ਕੰਟਰੋਲ ਹੇਠਲੇ ਇਲਾਕੇ ਵਿੱਚ ਲੋਕਾਂ ਨਾਲ ਜੁੜਨ ਲਈ ਮੋਬਾਇਲ ਮੈਡੀਕਲ ਯੂਨਿਟਾਂ ਹਨ ਜੋ ਗਰੀਬਾਂ ਦਾ ਮੁਫ਼ਤ ਇਲਾਜ ਕਰਦੀਆਂ ਹਨ।

ਇਸ ਦੀ ਸਲਾਨਾ ਆਮਦਨ 1000 ਕਰੋੜ ਤੋਂ ਜ਼ਿਆਦਾ ਹੈ। ਆਮਦਨ ਦਾ ਮੁੱਖ ਸਾਧਨ ਅਗਵਾ, ਫਿਰੌਤੀ, ਠੇਕੇਦਾਰਾਂ-ਉਦਯੋਗਤੀਆਂ 'ਤੇ ਗੁੰਡਾ ਟੈਕਸ, ਸਥਾਨਕ ਸਿਆਸਤਦਾਨਾਂ, ਕੋਲੇ ਦੀਆਂ ਖਾਨਾਂ ਅਤੇ ਕਿਸਾਨਾਂ-ਮਜ਼ਦੂਰਾਂ ਦੁਆਰਾ ਦਿੱਤਾ ਜਾ ਰਿਹਾ ਫੰਡ ਹੈ। ਆਪਣੇ ਕੰਟਰੋਲ ਹੇਠਲੇ ਇਲਾਕੇ ਵਿੱਚ ਭੰਗ-ਅਫੀਮ ਦੀ ਖੇਤੀ ਵੀ ਇਸ ਦੇ ਆਮਦਨ ਦਾ ਮੁੱਖ ਸ੍ਰੋਤ ਹੈ। ਭਾਰਤ ਦੇ ਕੋਲਾ ਖਦਾਨਾਂ ਵਾਲੇ ਇਲਾਕੇ ਅਤੇ ਨਕਸਲਬਾੜੀ ਦਾ ਆਪਸ ਵਿੱਚ ਗੂੜ੍ਹਾ ਸਬੰਧ ਹੈ। ਕਿਸੇ ਵੀ ਇਲਾਕੇ ਵਿੱਚ ਸਰਗਰਮੀ ਸ਼ੁਰੂ ਕਰਨ ਤੋਂ ਪਹਿਲਾਂ ਆਰਥਿਕ-ਸਮਾਜਿਕ ਸਰਵੇਖਣ ਕੀਤਾ ਜਾਂਦਾ ਹੈ। ਕੋਲੇ ਦੀਆਂ ਖਦਾਨਾਂ ਦੇ ਮਾਲਕਾਂ ਤੋਂ ਕਰੋੜਾਂ ਰੁ. ਹਰ ਸਾਲ ਵਸੂਲਦੇ ਹਨ। 2007 ਵਿੱਚ ਮਾਓਵਾਦੀ ਲੀਡਰ ਮਿਸ਼ਰ ਬੇਸਰਾ ਦੀ ਪੁੱਛਗਿੱਛ ਤੋਂ ਇਹ ਹੈਰਾਨੀਜਨਕ ਗੱਲ ਸਾਹਮਣੇ ਆਈ ਕਿ ਮਾਓਵਾਦੀਆਂ ਨੇ 2005-07 ਲਈ ਹਥਿਆਰਾਂ ਵਾਸਤੇ 60 ਕਰੋੜ ਦਾ ਬਜ਼ਟ ਰੱਖਿਆ ਹੈ। ਸਭ ਤੋਂ ਜ਼ਿਆਦਾ ਫੰਡ ਖਣਿਜ ਪਦਾਰਥਾਂ ਨਾਲ ਭਰਪੂਰ ਸੂਬਿਆਂ ਬਿਹਾਰ, ਛੱਤੀਸਗੜ੍ਹ, ਆਂਧਰਾ ਪ੍ਰਦੇਸ਼, ਤਲੇਗਾਨਾ ਅਤੇ ਝਾਰਖੰਡ ਤੋਂ ਆਉਂਦੇ ਹਨ। ਫਿਲਹਾਲ ਇਹ ਜਥੇਬੰਦੀ ਭਰਤ ਦੀ ਸਭ ਤੋਂ ਵੱਡੀ, ਸੰਗਠਿਤ ਅਮੀਰ ਅਤੇ ਬੇਰਹਿਮ ਅੱਤਵਾਦੀ ਜਥੇਬੰਦੀ ਹੈ। ਇਸ ਦੇ ਖ਼ਿਲਾਫ਼ ਹਜ਼ਾਰਾਂ ਸਟੇਟ ਪੁਲਿਸ ਅਤੇ ਅਰਧ ਸੈਨਿਕ ਬਲ ਜੁਟੇ ਹੋਏ ਹਨ। 2010 ਤੋਂ ਬਾਅਦ ਇਸ ਦੇ ਕੇਡਰ ਦੀ ਗਿਣਤੀ ਹੌਲੀ ਹੌਲੀ ਘਟ ਰਹੀ ਹੈ। 1980ਵਿਆਂ ਤੱਕ ਇਸ ਦਾ ਪ੍ਰਭਾਵ ਸ਼ਹਿਰੀ ਪੜ੍ਹੇ ਲਿਖੇ ਮੱਧ ਵਰਗ ਵਿੱਚ ਵਿਆਪਕ ਪੱਧਰ 'ਤੇ ਹੁੰਦਾ ਸੀ ਜੋ ਹੁਣ ਸਿਰਫ ਆਦੀਵਾ-ਸੀਆਂ ਤੱਕ ਸੀਮਤ ਹੋ ਕੇ ਰਹਿ ਗਿਆ ਹੈ। ਇਸ ਦੇ ਪ੍ਰਭਾਵ ਦਾ ਸਿੱਧਾ ਸਬੰਧ ਆਰਥਿਕ-ਸਮਾਜਿਕ ਪਛੜੇਪਣ ਨਾਲ ਹੈ। ਜੋ ਇਲਾਕੇ ਤਰੱਕੀ ਕਰ ਗਏ ਹਨ, ਉਥੇ ਇਸ ਦੇ ਪੈਰ ਨਹੀਂ ਲੱਗੇ। ਸਰਕਾਰ ਇਸ ਦੇ ਪ੍ਰਭਾਵ ਖੇਤਰ ਵਿੱਚ ਗਰੀਬਾਂ ਦੇ ਵਿਕਾਸ ਲਈ ਅਰਬਾਂ ਰੁ. ਖਰਚ ਰਹੀ ਹੈ। ਇਹਨਾਂ ਵਿਕਾਸ ਯੋਜਨਾਵਾਂ ਕਾਰਨ ਲੋਕਾਂ ਦਾ ਧਿਆਨ ਇਸ ਵੱਲੋਂ ਹਟਦਾ ਜਾ ਰਿਹਾ ਹੈ। ਫਿਰ ਵੀ 47 ਸਾਲ ਤੋਂ ਚੱਲ ਰਹੀ ਇਸ ਜਥੇਬੰਦੀ ਨੂੰ ਖ਼ਤਮ ਹੋਣ ਵਿੱਚ ਅਜੇ ਕੁਝ ਹੋਰ ਸਮਾਂ ਲੱਗ ਜਾਵੇਗਾ।

ਦੁਨੀਆਂ ਵਿਚ ਹਰ ਥਾਂ ਖਿੰਡਿਆ ਹੋਇਆ ਹੈ ਸੋਨਾ

ਧਰਤੀ ਦੇ ਕੇਂਦਰ ਵਿਚ ਹੈ ਪਿਘਲੇ ਸੋਨੇ ਦਾ ਵੱਡਾ ਭੰਡਾਰ

ਵਿਗਿਆਨੀਆਂ ਮੁਤਾਬਕ ਜ਼ਮੀਨ ਤੇ ਮੌਜੂਦ ਸੋਨੇ ਦਾ ਕਾਫੀ ਘੱਟ ਹਿੱਸਾ ਹੀ ਕੱਢਿਆ ਗਿਆ ਹੈ, ਹਾਲੇ ਵੀ ਜਿੰਨਾ ਸੋਨਾ ਕੱਢਿਆ ਗਿਆ ਹੈ, ਉਸ ਤੋਂ ਜ਼ਿਆਦਾ ਸੋਨਾ ਕੱਢਿਆ ਜਾਣਾ ਬਾਕੀ ਹੈ। ਵਰਲਡ ਗੋਲਡ ਕੌਂਸਲ ਦੀ ਰਿਪੋਰਟ ਮੁਤਾਬਕ ਪੂਰੀ ਦੁਨੀਆਂ ਵਿਚ ਹੁਣ ਤੱਕ 1.8 ਲੱਖ ਟਨ ਸੋਨਾ ਕੱਢਿਆ ਗਿਆ ਹੈ।

ਸੋਨਾ ਧਰਤੀ ਦੇ ਕੇਂਦਰ ਵਿਚ ਵੀ ਹੈ। ਡਿਸਕਵਰ ਮੈਗਜ਼ੀਨ ਵਿਚ ਆਸਟ੍ਰੇਲੀਆਈ ਜਿਓਲਾਜਿਸਟ ਬਰਨਾਰਡ ਵੁਡ ਨੇ ਅੰਦਾਜ਼ਾ ਦਿੱਤਾ ਸੀ ਕਿ ਧਰਤੀ ਦੇ ਕੇਂਦਰ ਵਿਚ ਇੰਨਾ ਸੋਨਾ ਹੈ, ਜਿਸ ਨਾਲ ਪੂਰੀ ਧਰਤੀ ਤੇ 1.5 ਮੀਟਰ ਮੋਟੀ ਪਰਤ ਬਣਾਈ ਜਾ ਸਕਦੀ ਹੈ। ਹਾਲਾਂਕਿ ਇਹ ਸੋਨਾ ਪਿਘਲੇ ਰੂਪ ਵਿਚ ਹੈ ਅਤੇ ਸਤਹਿ ਤੋਂ ਇੰਨਾ ਹੇਠਾਂ ਹੈ ਕਿ ਇਸਨੂੰ ਕੱਢਿਆ ਨਹੀਂ ਜਾ ਸਕਦਾ।

ਦਰਖ਼ਤਾਂ ਦੀਆਂ ਪੱਤੀਆਂ ਤੇ ਵੀ ਮਿਲੇ ਸਨ ਸੋਨੇ ਦੇ ਕਣ

ਸੋਨਾ ਦੁਨੀਆਂ ਵਿਚ ਇਸ ਤਰ੍ਹਾਂ ਬਿਖਰਿਆ ਹੈ ਕਿ ਵਿਗਿਆਨੀਆਂ ਨੂੰ ਸੋਨੇ ਦੇ ਕਣ ਦਰਖਤਾਂ ਦੀਆਂ ਪੱਤੀਆਂ ਵਿਚ ਵੀ ਮਿਲ ਚੁੱਕੇ ਹਨ। 2013 ਦੇ ਦੌਰਾਨ ਆਸਟ੍ਰੇਲੀਆ ਵਿਚ ਯੂਕੇਲਿਪਟਸ ਦੀਆਂ ਪੱਤੀਆਂ ਵਿਚ ਸੋਨੇ ਦੇ ਕਣ ਮਿਲੇ ਸਨ। ਹਾਲਾਂਕਿ ਇਹਨਾਂ ਕਣਾਂ ਦੀ ਮੋਟਾਈ ਇਨਸਾਨ ਦੇ ਵਾਲ ਦੀ ਮੋਟਾਈ ਦਾ ਵੀ ਦਸਵਾਂ ਹਿੱਸਾ ਹਨ। ਇਹ ਹਿੱਸਾ ਇੰਨਾ ਘੱਟ ਹੈ ਕਿ ਤੁਹਾਨੂੰ ਇਕ ਰਿੰਗ ਬਣਾਉਣ ਦੇ ਲਈ ਪੂਰੇ ਜੰਗਲ ਨੂੰ ਕੱਟਣਾ ਪਵੇਗਾ।

ਯੂਰਪ, ਅਮਰੀਕਾ ਦੇ ਮੁਕਾਬਲੇ ਭਾਰਤੀ ਪਾਉਂਦੇ ਹਨ ਜ਼ਿਆਦਾ ਸ਼ੁੱਧ ਸੋਨਾ

ਵਰਲਡ ਗੋਲਡ ਕੌਂਸਲ ਦੀ ਰਿਪੋਰਟ ਮੁਤਾਬਕ ਭਾਰਤ ਵਿਚ ਸੋਨੇ ਦੀ ਖਪਤ ਸਭ ਤੋਂ ਜ਼ਿਆਦਾ ਹੁੰਦੀ ਹੈ। ਭਾਰਤ ਵਿਚ ਜ਼ਿਆਦਾਤਰ ਮੰਗ 18, 20 ਅਤੇ 22 ਕੈਰੇਟ ਦੇ ਗਹਿਣਿਆਂ ਦੀ ਹੈ। ਹਾਲਾਂਕਿ ਯੂਰਪ ਅਤੇ ਅਮਰੀਕਾ ਵਿਚ 9 ਤੋਂ 14 ਕੈਰੇਟ ਦੇ ਸੋਨੇ ਦੀ ਗਹਿਣਿਆਂ ਦੀ ਮੰਗ ਹੈ। ਦਰਅਸਲ ਰਵਾਇਤ ਦੇ ਮੁਤਾਬਕ ਭਾਰਤੀ ਠੋਸ ਸੋਨੇ ਦੇ ਗਹਿਣੇ ਪਾਉਂਦੇ ਹਨਅਤੇ ਸੋਨੇ ਨੂੰ ਨਿਵੇਸ਼ ਦੇ ਲਈ ਖਰੀਦਿਆ ਜਾਂਦਾ ਹੈ। ਵਿਦੇਸ਼ਾਂ ਵਿਚ ਲੋਕ ਡਿਜ਼ਾਇਨ ਤੇ ਜ਼ੋਰ ਦਿੰਦੇ ਹਨ, ਨਾਲ ਹੀ ਗਹਿਣਿਆਂ ਵਿਚ ਰਤਨਾਂ ਦੇ ਇਸਤੇਮਾਲ ਤੇ ਵੀ ਜ਼ੋਰ ਦਿੱਤਾ ਜਾਂਦਾ ਹੈ।

ਦਵਾਈ ਅਤੇ ਸਜਾ ਦੋਵਾਂ ਦੇ ਲਈ ਸੋਨੇ ਦਾ ਇਸਤੇਮਾਲ

ਇਤਿਹਾਸਕਾਰਾਂ ਦੇ ਮੁਤਾਬਕ ਮੱਧ ਕਾਲੀਨ ਯੂਰਪ ਵਿਚ ਸੋਨੇ ਦਾ ਇਸਤੇਮਾਲ ਪਲੇਗ ਦੀ ਦਵਾਈ ਦੇ ਰੂਪ ਵਿਚ ਹੁੰਦਾ ਸੀ। ਹਾਲਾਂਕਿ ਅਜਿਹਾ ਕੋਈ ਸਬੂਤ ਨਹੀਂ ਹੈ ਕਿ ਇਸਦਾ ਕੋਈ ਅਸਰ ਹੁੰਦਾ ਸੀ। ਉਥੇ ਹੀ ਅੱਜ ਵੀ ਕਈ ਦਵਾਈਆਂ ਅਤੇ ਇਲਾਜਾਂ ਵਿਚ ਸੋਨੇ ਦਾ ਇਸਤੇਮਾਲ ਹੁੰਦਾ ਹੈ। ਇਸਦੇ ਨਾਲ ਹੀ ਗੋਲਡ ਦਾ ਇਸਤੇਮਾਲ ਮੌਤ ਦੀ ਸਜ਼ਾ ਦੇਣ ਦੇ ਲਈ ਵੀ ਹੁੰਦਾ ਰਿਹਾ ਹੈ। ਰੋਮਨ ਅਤੇ ਸਪੈਨਿਸ਼ ਲੋਕ ਸਦੀਆਂ ਪਹਿਲਾਂ ਇਸ ਤਰੀਕੇ ਨਾਲ ਅਪਰਾਧੀਆਂ ਨੂੰ ਮੌਤ ਦੀ ਸਜ਼ਾ ਦਿੰਦੇ ਸਨ, ਜਿਸ ਵਿਚ ਉਹਨਾਂ ਤੇ ਪਿਘਲਿਆ ਸੋਨਾ ਪਾਇਆ ਜਾਂਦਾ ਸੀ। ਦਰਅਸਲ ਸਜ਼ਾ ਦੇਣ ਦੇ ਨਾਲ ਤਾਨਾਸ਼ਾਹ ਇਸ ਤਰ੍ਹਾਂ ਆਪਣੀ ਅਮੀਰੀ ਦਾ ਵੀ ਮਾੜਾ ਪ੍ਰਦਰਸ਼ਨ ਕਰਦੇ ਸਨ।

Issue- 243, Vol-10, April 27, 2016

ਨਰਿੰਦਰ ਮੋਦੀ ਦੀ ਵਿਦੇਸ਼ ਨੀਤੀ ਕਿੰਨੀ ਕੁ ਸਾਰਥਿਕ?

ਕੇ.ਸੀ. ਸਿੰਘ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਜਪਾ ਨੂੰ ਕੇਂਦਰ 'ਚ ਸੱਤਾ ਵਿੱਚ ਆਇਆਂ ਅਗਲੇ ਮਹੀਨੇ ਦੋ ਸਾਲ ਮੁਕੰਮਲ ਹੋ ਜਾਣਗੇ। ਉਨ੍ਹਾਂ ਦੇ ਕਾਰਜਕਾਲ ਦਾ ਤਕਰੀਬਨ ਅੱਧਾ ਸਮਾਂ ਬੀਤਣ ਵਾਲਾ ਹੈ। ਇਸ ਲਈ ਉਨ੍ਹਾਂ ਦੀ ਸਰਕਾਰ ਦੀ ਵਿਦੇਸ਼ ਨੀਤੀ ਦਾ ਮੁਲੰਕਣ ਕਰਨ ਅਤੇ ਉਨ੍ਹਾਂ ਤੋਂ ਪਹਿਲਾਂ ਦੀਆਂ ਕੇਂਦਰ ਸਰਕਾਰਾਂ ਦੀ ਵਿਦੇਸ਼ ਨੀਤੀ ਦੀ ਤੁਲਨਾ ਮੋਦੀ ਸਰਕਾਰ ਦੀ ਨੀਤੀ ਨਾਲ ਕਰਨ ਲਈ ਹੁਣ ਸਮਾਂ ਢੁਕਵਾਂ ਜਾਪਦਾ ਹੈ।

ਮੋਦੀ ਸਰਕਾਰ ਵੱਲੋਂ ਭਾਰਤ ਦੇ ਮੋਹਰੀ ਸ਼ਕਤੀਸ਼ਾਲੀ ਮੁਲਕ ਬਣਨ ਦੀ ਦਿਸ਼ਾ ਵਿੱਚ ਕਦਮ ਵਧਾਉਣ ਦੀ ਗੱਲ ਅਕਸਰ ਕੀਤੀ ਜਾਂਦੀ ਹੈ। ਉਹ ਭਾਰਤ ਦੇ 'ਵਿਸ਼ਵ ਸ਼ਕਤੀ' ਜਾਂ 'ਵੱਡੀ ਸ਼ਕਤੀ' ਵਜੋਂ ਉੱਭਰਨ ਦੀ ਗੱਲ ਨਹੀਂ ਆਖਦੇ ਕਿਉਂਕਿ ਇਹ ਸ਼ਬਦ ਸ਼ੀਤ ਯੁੱਧ ਸਮੇਂ ਅਮਰੀਕਾ ਤੇ ਸੋਵੀਅਤ ਯੂਨੀਅਨ ਲਈ ਅਤੇ 1950ਵਿਆਂ ਤਕ ਗ੍ਰੇਟ ਬ੍ਰਿਟੇਨ ਲਈ ਵਰਤਿਆ ਜਾਂਦਾ ਸੀ। ਚੀਨ-ਅਮਰੀਕਾ ਸਬੰਧਾਂ ਬਾਰੇ ਗੱਲ ਕਰਦਿਆਂ ਚੀਨ ਇਸ ਨੂੰ 'ਮਹਾਨ ਸ਼ਕਤੀਆਂ' ਦਰਮਿਆਨ ਸਬੰਧਾਂ ਦਾ ਨਾਂ ਦਿੰਦਾ ਹੈ। ਭਾਰਤੀ ਮੂਲ ਦੇ ਅਮਰੀਕੀ ਵਿਸ਼ਲੇਸ਼ਕ ਐਸ਼ਲੇ ਟੈਲੀਜ਼ ਦੇ ਦੱਸਣ ਮੁਤਾਬਿਕ ਪ੍ਰਮੁੱਖ ਸ਼ਕਤੀਸ਼ਾਲੀ ਮੁਲਕ ਉਹ ਹਨ ਜੋ ਆਲਮੀ ਪ੍ਰਸ਼ਾਸਨ ਲਈ ਸਾਂਝੇ ਨਿਯਮ ਬਣਾਉਂਦੇ ਹਨ। ਦੂਜੇ ਪਾਸੇ ਮੋਹਰੀ ਸ਼ਕਤੀਸ਼ਾਲੀ ਮੁਲਕ ਉਹ ਹਨ ਜੋ ਮੌਜੂਦਾ ਨਿਯਮਾਂ ਵਿੱਚ ਆਪਣੇ ਕੌਮੀ ਹਿੱਤਾਂ ਦੇ ਮੁਤਾਬਿਕ ਬਦਲਾਅ ਕਰਵਾਉਣ ਦੀ ਤਾਂਘ ਰੱਖਦੇ ਹਨ।

ਮਿਸਾਲ ਵਜੋਂ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ (ਯੂਐੱਨਐੱਸਸੀ) ਦੇ ਪੰਜ ਸਥਾਈ ਮੈਂਬਰ ਮੁਲਕ ਹੀ ਯੂਐੱਨ ਚਾਰਟਰ ਦੇ ਸੱਤਵੇਂ ਅਧਿਆਇ ਤਹਿਤ ਮਤਿਆਂ ਨੂੰ ਪ੍ਰਭਾਵਿਤ ਕਰਨ ਦੇ ਸਮਰੱਥ ਹਨ ਅਤੇ ਸੰਯੁਕਤ ਰਾਸ਼ਟਰ ਦੇ ਨਿਯਮਾਂ ਮੁਤਾਬਿਕ ਬਾਕੀ ਸਾਰੇ ਮੈਂਬਰ ਮੁਲਕਾਂ ਲਈ ਇਨ੍ਹਾਂ ਮਤਿਆਂ ਨੂੰ ਸਵੀਕਾਰ ਕਰਨਾ ਲਾਜ਼ਮੀ ਹੈ। ਇਸ ਲਈ ਭਾਰਤ, ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦਾ ਸਥਾਈ ਮੈਂਬਰ ਬਣਨਾ ਚਾਹੁੰਦਾ ਹੈ ਅਤੇ ਨਿਯਮਾਂ ਵਿੱਚ ਸੋਧ ਦੀ ਮੰਗ ਕਰਦਾ ਆ ਰਿਹਾ ਹੈ। ਭਾਰਤ ਇਸ ਲਈ ਉਡੀਕ ਕਰਨ ਵਾਸਤੇ ਵੀ ਤਿਆਰ ਹੈ ਕਿਉਂਕਿ ਆਰਥਿਕਤਾ ਦੀ ਮਜ਼ਬੂਤੀ ਦਾ ਅਮਲ ਜਾਰੀ ਰਹਿਣ ਦੀ ਸੂਰਤ ਵਿੱਚ ਸਥਾਈ ਸੀਟ ਹਾਸਲ ਕਰਨ ਦੀ ਦਾਅਵੇਦਾਰੀ ਖ਼ੁਦ ਬਖ਼ੁਦ ਪੱਕੀ ਹੁੰਦੀ ਜਾਵੇਗੀ। ਉਂਜ, ਸ੍ਰੀ ਮੋਦੀ ਦੇ ਮੌਜੂਦਾ ਕਾਰਜਕਾਲ ਦੌਰਾਨ ਪੱਕੀ ਸੀਟ ਮਿਲਣ ਦਾ ਅਮਲ ਸ਼ਾਇਦ ਸੰਭਵ ਨਹੀਂ ਹੋ ਸਕੇਗਾ। ਇਸੇ ਤਰ੍ਹਾਂ ਤਕਨੀਕੀ ਪੱਖ ਵੀ ਹੈ ਭਾਵ ਪਰਮਾਣੂ ਸਪਲਾਇਰਜ਼ ਗਰੁੱਪ (ਐੱਨਐੱਸਜੀ), ਮਿਜ਼ਾਈਲ ਟੈਕਨੋਲੋਜੀ ਕੰਟਰੋਲ ਰਿਜੀਮ (ਐੱਮ ਟੀ ਸੀ ਆਰ), ਵੈਸੇਨਾਰ ਅਰੇਂਜਮੈਂਟ ਅਤੇ ਆਸਟਰੇਲੀਆ ਗਰੁੱਪ ਦੇ ਨਿਯਮਾਂ ਵਿੱਚ ਵੀ ਮੈਂਬਰ ਮੁਲਕ ਹੀ ਫੇਰਬਦਲ ਕਰ ਸਕਦੇ ਹਨ। ਇਸੇ ਲਈ ਭਾਰਤ ਵੀ ਇਨ੍ਹਾਂ ਗਰੁੱਪਾਂ ਵਿੱਚ ਸ਼ਾਮਿਲ ਹੋਣਾ ਚਾਹੁੰਦਾ ਹੈ। ਅਮਰੀਕਾ ਨਾਲ ਗ਼ੈਰ-ਫ਼ੌਜੀ ਪਰਮਾਣੂ ਸਮਝੌਤਾ ਇਸ ਦਿਸ਼ਾ ਵੱਲ ਇੱਕ ਕਦਮ ਹੈ। ਭਾਰਤ ਐੱਮਟੀਸੀਆਰ ਵਿੱਚ ਸ਼ਾਮਿਲ ਹੋ ਕੇ ਇਸ ਦੀ ਸ਼ੁਰੂਆਤ ਕਰ ਸਕਦਾ ਹੈ। ਚੀਨ ਇਸ ਗਰੁੱਪ ਦਾ ਮੈਂਬਰ ਨਹੀਂ ਹੈ। ਇਸ ਲਈ ਭਾਰਤ ਦੀ ਬੇੜੀ ਵਿੱਚ ਵੱਟੇ ਨਹੀਂ ਪਾ ਸਕਦਾ। ਐੱਮਟੀਸੀਆਰ ਵਿੱਚ ਸ਼ਮੂਲੀਅਤ ਸਦਕਾ ਭਾਰਤ ਪਰਮਾਣੂ ਸਪਲਾਇਰਜ਼ ਗਰੁੱਪ ਦੀ ਮੈਂਬਰਸ਼ਿਪ ਦੀ ਦਾਅਵੇਦਾਰੀ ਵੀ ਚੀਨ ਦੇ ਮੁਕਾਬਲੇ ਮਜ਼ਬੂਤ ਕਰ ਲਵੇਗਾ। ਇਹ ਸਾਰੀਆਂ ਪ੍ਰਕਿਰਿਆਵਾਂ ਅੱਜ ਦੇ ਯੁੱਗ ਦੀ ਪੈਦਾਇਸ਼ ਨਹੀਂ। ਸ਼ੀਤ ਯੁੱਧ ਮਗਰੋਂ ਦੇ ਹਾਲਾਤ ਮੁਤਾਬਿਕ ਭਾਰਤ ਦੀਆਂ ਵਿਦੇਸ਼ ਅਤੇ ਆਰਥਿਕ ਨੀਤੀਆਂ ਵਿੱਚ ਬਦਲਾਅ ਕਰਕੇ 1991 ਵਿੱਚ ਸ੍ਰੀ ਪੀ.ਵੀ. ਨਰਸਿਮ੍ਹਾ ਰਾਓ ਨੇ ਇਸ ਅਮਲ ਦੀ ਸ਼ੁਰੂਆਤ ਕਰ ਦਿੱਤੀ ਸੀ। ਅਧਿਕਾਰਤ ਤੌਰ 'ਤੇ ਪਰਮਾਣੂ ਪ੍ਰੀਖਣ ਕਰਕੇ ਸ੍ਰੀ ਅਟਲ ਬਿਹਾਰੀ ਵਾਜਪਾਈ ਭਾਰਤ-ਅਮਰੀਕਾ ਰਿਸ਼ਤਿਆਂ ਨੂੰ ਨਵੇਂ ਆਯਾਮ ਦਿੱਤੇ ਅਤੇ ਅਮਰੀਕਾ ਨੂੰ ਇਹ ਮੰਨਣ ਲਈ ਮਜਬੂਰ ਕਰ ਦਿੱਤਾ ਕਿ ਭਾਰਤ ਦੀ ਸ਼ਕਤੀ ਨੂੰ ਘੱਟ ਨਹੀਂ ਆਂਕਿਆ ਜਾ ਸਕਦਾ। ਇਸ ਮਗਰੋਂ ਅਮਰੀਕੀ ਰਾਸ਼ਟਰਪਤੀ ਜੌਰਜ ਵਾਕਰ ਬੁਸ਼ ਨੇ ਮਹਿਸੂਸ ਕੀਤਾ ਕਿ ਸ਼ਕਤੀਸ਼ਾਲੀ ਮੁਲਕ ਵਜੋਂ ਉੱਭਰ ਰਹੇ ਚੀਨ ਦੇ ਦਬਦਬੇ ਨੂੰ ਘਟਾਉਣ ਅਤੇ ਏਸ਼ੀਆ ਵਿੱਚ ਸ਼ਾਂਤੀ ਲਈ ਭਾਰਤ ਦੀ ਮਜ਼ਬੂਤੀ ਲਾਜ਼ਮੀ ਹੈ। ਇਸੇ ਲਈ ਭਾਰਤ ਵੱਲੋਂ ਪਰਮਾਣੂ ਅਪਸਾਰ ਸੰਧੀ 'ਤੇ ਹਸਤਾਖ਼ਰ ਕੀਤੇ ਬਿਨਾਂ ਹੀ ਬੁਸ਼ ਨੇ ਸਾਡੇ ਦੇਸ਼ ਨਾਲ ਗ਼ੈਰ-ਫ਼ੌਜੀ ਪਰਮਾਣੂ ਸਮਝੌਤਾ ਕੀਤਾ। ਦਿਲਚਸਪ ਗੱਲ ਇਹ ਹੈ ਕਿ ਪਰਮਾਣੂ ਸਪਲਾਇਰਜ਼ ਗਰੁੱਪ ਦੀ ਸਥਾਪਨਾ 1975 ਵਿੱਚ ਹੋਈ ਸੀ, ਜਦੋਂ 1974 ਵਿੱਚ ਭਾਰਤ ਨੇ ਪਰਮਾਣੂ ਪ੍ਰੀਖਣ ਕੀਤਾ ਸੀ। ਇਸ ਤਰ੍ਹਾਂ ਮੂਲ ਰੂਪ ਵਿੱਚ ਇਹ ਭਾਰਤ ਦੇ ਪ੍ਰੀਖਣ ਦੇ ਸਿੱਟੇ ਵਜੋਂ ਹੀ ਸਥਾਪਿਤ ਕੀਤਾ ਗਿਆ ਸੀ। ਕਿਸੇ ਮੁਲਕ ਦੀ ਵਿਦੇਸ਼ ਨੀਤੀ ਦਰਿਆ ਦੀ ਰਵਾਨੀ ਵਾਂਗ ਹੁੰਦੀ ਹੈ ਤੇ ਮਹਾਨ ਆਗੂ ਇਸ ਦਾ ਵਹਿਣ ਤੇਜ਼ ਕਰਨ ਅਤੇ ਇਸ ਦਾ ਰੁਖ਼ ਮੋੜਨ ਦੇ ਸਮਰੱਥ ਹੁੰਦੇ ਹਨ। ਮੋਦੀ ਸਰਕਾਰ ਗੁਆਂਢੀ ਮੁਲਕਾਂ 'ਤੇ ਤਵੱਜੋ ਦੇਣ, ਪੂਰਬੀ ਮੁਲਕਾਂ ਨਾਲ ਸਹਿਯੋਗ ਅਤੇ ਪੱਛਮੀ ਮੁਲਕਾਂ ਤੋਂ ਸਿੱਖਣ ਦੀ ਗੱਲ ਅਕਸਰ ਕਰਦੀ ਹੈ। ਦਰਅਸਲ, ਚੀਨ ਦੇ ਵਧ ਰਹੇ ਦਬਦਬੇ, ਸ਼ੀਆ ਤੇ ਸੁੰਨੀ ਫ਼ਿਰਕਿਆਂ ਵਿੱਚ ਟਕਰਾਅ ਅਤੇ ਇਸਲਾਮੀ ਇੰਤਹਾਪਸੰਦਾਂ ਵੱਲੋਂ ਦਰਪੇਸ਼ ਖ਼ਤਰਿਆਂ ਦੇ ਮੱਦੇਨਜ਼ਰ ਇਹ ਪੇਸ਼ਕਦਮੀਆਂ ਇਸ ਤੋਂ ਪਹਿਲਾਂ ਬਣੀਆਂ ਸਰਕਾਰਾਂ ਨੇ ਵੀ ਕੀਤੀਆਂ ਸਨ, ਖ਼ਾਸਕਰ 1991 ਮਗਰੋਂ ਸਾਰੇ ਪ੍ਰਧਾਨ ਮੰਤਰੀਆਂ ਨੇ ਇਹੀ ਨੀਤੀਆਂ ਅਪਣਾਈਆਂ। ਸੱਭਿਆਚਾਰਕ ਆਦਾਨ-ਪ੍ਰਦਾਨ ਸਬੰਧੀ ਸਮਝੌਤੇ ਅਤੇ ਦਰਿਆਈ ਪਾਣੀਆਂ ਸਬੰਧੀ ਤੌਖ਼ਲੇ ਦੂਰ ਕਰਨ ਮਗਰੋਂ ਬੰਗਲਾਦੇਸ਼ ਨਾਲ ਭਾਰਤ ਦੇ ਸਬੰਧਾਂ ਵਿੱਚ ਮਜ਼ਬੂਤੀ ਆਈ। ਭੂਟਾਨ ਨਾਲ ਸਾਡੇ ਮੁਲਕ ਦੇ ਹਮੇਸ਼ਾਂ ਨਿੱਘੇ ਸਬੰਧ ਰਹੇ ਹਨ। ਸਮੇਂ ਸਮੇਂ ਚੀਨ ਵਾਲਾ ਪੱਤਾ ਖੇਡ ਕੇ ਸ੍ਰੀਲੰਕਾ ਸਾਡੀ ਕੂਟਨੀਤਿਕ ਮੁਹਾਰਤ ਦਾ ਇਮਤਿਹਾਨ ਭਵਿੱਖ ਵਿੱਚ ਵੀ ਲੈਂਦਾ ਰਹੇਗਾ। ਘਰੇਲੂ ਸਿਆਸਤ ਅਤੇ ਚੀਨ ਦੀ ਦਖ਼ਲਅੰਦਾਜ਼ੀ ਕਾਰਨ ਮਾਲਦੀਵ ਹਮੇਸ਼ਾਂ ਚਿੰਤਾ ਦਾ ਵਿਸ਼ਾ ਬਣਿਆ ਰਹੇਗਾ। ਆਪਣਾ ਭਵਿੱਖ ਧੁੰਦਲਕੇ ਵਿੱਚ ਹੋਣ ਕਾਰਨ ਅਤੇ ਆਪਣੀ ਤਕਦੀਰ ਬਾਰੇ ਸਪਸ਼ਟ ਨਾ ਹੋਣ ਕਰਕੇ ਨੇਪਾਲ ਸਾਡਾ ਤੁਨਕਮਿਜਾਜ਼ ਗੁਆਂਢੀ ਬਣਿਆ ਹੀ ਰਹੇਗਾ। ਸਮੇਂ-ਸਮੇਂ ਮਿਲਵਰਤਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਪਾਕਿਸਤਾਨ ਨਾਲ ਭਾਰਤ ਦੇ ਸਬੰਧਾਂ ਵਿੱਚ ਕਸ਼ੀਦਗੀ ਹੀ ਭਾਰੂ ਰਹੀ ਹੈ। ਦਰਅਸਲ, ਪਾਕਿਸਤਾਨ ਸਰਕਾਰ ਨਾਲ ਵਿਸ਼ਵਾਸ ਬਹਾਲ ਕਰਨ ਦੇ ਯਤਨਾਂ ਦੀ ਕਾਮਯਾਬੀ ਲਈ ਸਿਵਲੀਅਨ ਸਰਕਾਰ ਨਾਲ ਗੱਲਬਾਤ ਜਾਰੀ ਰੱਖਣ ਅਤੇ ਉੱਥੋਂ ਦੀ ਫ਼ੌਜ ਨੂੰ ਸ਼ਾਂਤੀ ਪ੍ਰਕਿਰਿਆ ਨੂੰ ਲੀਹੋਂ ਲਾਹੁਣ ਤੋਂ ਰੋਕਣ ਦਰਮਿਆਨ ਸੰਤੁਲਨ ਬਣਾਈ ਰੱਖਣਾ ਹੀ ਆਪਣੇ ਆਪ ਵਿੱਚ ਕਾਰਗਰ ਢੰਗ ਹੈ। ਇੱਕ ਅਜਿਹੇ ਕੌਮੀ ਸੁਰੱਖਿਆ ਸਲਾਹਕਾਰ ਦੀ ਨਿਯੁਕਤੀ ਕਰਨਾ ਜਿਸਦਾ ਪਾਕਿਸਤਾਨ ਪ੍ਰਤੀ ਰੁਖ਼ ਗਰਮ ਖਿਆਲੀਆ ਹੈ ਅਤੇ ਜੋਕਿ ਅਤੀਤ ਵਿੱਚ ਸ਼ਰ੍ਹੇਆਮ ਜਵਾਬੀ ਕਾਰਵਾਈ ਦੀ ਗੱਲ ਕਹਿੰਦਾ ਆਇਆ ਹੈ, ਭਾਰਤ ਦੇ ਲੋਕਾਂ ਨੂੰ ਤਾਂ ਚੰਗਾ ਲੱਗ ਸਕਦਾ ਹੈ, ਪਰ ਕੂਟਨੀਤਿਕ ਪੱਖ ਤੋਂ ਇਹ ਸਹੀ ਨਹੀਂ ਹੈ। ਸ਼ਾਂਤੀ ਪ੍ਰਕਿਰਿਆ ਨੂੰ ਵਾਰ-ਵਾਰ ਟੁੱਟਣ ਤੋਂ ਰੋਕਣ ਲਈ ਨਵੀਆਂ ਨੀਤੀਆਂ ਬਣਾਉਣ ਦੀ ਲੋੜ ਹੈ, ਪਰ ਪਾਕਿਸਤਾਨ ਨਾਲ ਸੰਵਾਦ ਰਚਾਉਣ ਲਈ ਨਿਯੁਕਤ ਵਿਅਕਤੀ ਅਜਿਹਾ ਨਾ ਹੋਵੇ ਜਿਸ ਨੂੰ ਗ਼ਲਤ ਹਥਕੰਡੇ ਅਪਨਾਉਣ ਦਾ ਮਾਹਿਰ ਸਮਝਿਆ ਜਾਂਦਾ ਹੋਵੇ। 2001 ਤੋਂ ਪਾਕਿਸਤਾਨ ਦੋਸ਼ ਲਾਉਂਦਾ ਆ ਰਿਹਾ ਹੈ ਕਿ ਅਫ਼ਗਾਨਿਸਤਾਨ ਵਿਚਲੇ ਭਾਰਤੀ ਕੌਂਸਲਖਾਨਿਆਂ ਨੂੰ ਪਾਕਿਸਤਾਨ ਵਿਰੋਧੀ ਕਾਰਵਾਈਆਂ ਲਈ ਵਰਤਿਆ ਜਾਂਦਾ ਹੈ। ਪਹਿਲਾਂ ਤਾਂ ਇਨ੍ਹਾਂ ਦੋਸ਼ਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਸੀ ਪਰ ਹੁਣ ਅਮਰੀਕਾ ਅਤੇ ਹੋਰ ਪੱਛਮੀ ਮੁਲਕ ਵੀ ਇਨ੍ਹਾਂ ਦੋਸ਼ਾਂ ਨੂੰ ਗੰਭੀਰਤਾ ਨਾਲ ਲੈਣ ਲੱਗੇ ਹਨ। ਪਰਮਾਣੂ ਸੁਰੱਖਿਆ ਸੰਮੇਲਨ ਸਮੇਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਭਾਰਤ ਤੇ ਪਾਕਿਸਤਾਨ ਨੂੰ ਇੱਕ-ਦੂਜੇ ਨਾਲ ਰਿਸ਼ਤੇ ਸੁਧਾਰਨ ਬਾਰੇ ਦਿੱਤੀ ਸਲਾਹ ਚੰਗਾ ਸੰਕੇਤ ਨਹੀਂ ਹੈ।

ਪਿਛਲੇ ਸਾਲ ਆਈ ਬੀਬੀਸੀ ਦੀ ਇੱਕ ਰਿਪੋਰਟ ਮੁਤਾਬਿਕ ਮੁਤਾਹਿਦਾ ਕੌਮੀ ਮੂਵਮੈਂਟ (ਐੱਮ ਕਿਊ ਐੱਮ) ਦੇ ਆਗੂਆਂ ਨੇ ਖ਼ੁਦ ਹੀ ਜਲਾਵਤਨ ਹੋ ਕੇ ਬਰਤਾਨੀਆ ਰਹਿੰਦੇ ਆਪਣੇ ਆਗੂ ਅਲਤਾਫ਼ ਹੁਸੈਨ ਨੂੰ ਭਾਰਤ ਵੱਲੋਂ ਵਿੱਤੀ ਸਹਾਇਤਾ ਮਿਲਣ ਦੀ ਗੱਲ ਕਬੂਲ ਕੀਤੀ ਸੀ। ਹੁਣ ਭਾਰਤੀ ਜਲ ਸੈਨਾ ਦੇ ਇੱਕ ਸੇਵਾਮੁਕਤ ਅਧਿਕਾਰੀ ਦੀ 'ਗ੍ਰਿਫ਼ਤਾਰੀ' ਕਾਰਨ ਭਾਰਤ'ਤੇ ਚਿੱਕੜ ਉੱਛਲ ਰਿਹਾ ਹੈ। ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਗੁਆਂਢੀ ਮੁਲਕ ਢਕਵੰਜ ਰਚਣ ਵਿੱਚ ਮਾਹਿਰ ਹੈ। ਭਾਰਤ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦੀ ਨਿਯੁਕਤੀ ਦੇ ਜਵਾਬ ਵਿੱਚ ਪਾਕਿਸਤਾਨ ਨੇ ਬਲੋਚਿਸਤਾਨ ਦੇ ਸਾਬਕਾ ਕੋਰ ਕਮਾਂਡਰ ਲੈਫ਼ਟੀਨੈਂਟ ਜਨਰਲ ਨਾਸਿਰ ਜੰਜੂਆ ਨੂੰ ਕੌਮੀ ਸੁਰੱਖਿਆ ਸਲਾਹਕਾਰ ਨਿਯੁਕਤ ਕੀਤਾ। ਇਸ ਨਿਯੁਕਤੀ ਰਾਹੀਂ ਪਾਕਿਸਤਾਨ ਨੇ ਸੰਕੇਤ ਵਿੱਚ ਦਿੱਤਾ ਕਿ ਜੇਕਰ ਭਾਰਤੀ ਐਨਐਸਏ ਦਹਿਸ਼ਤਗਰਦੀ ਤਕ ਹੀ ਮਹਿਦੂਦ ਰਹਿੰਦਾ ਹੈ ਤਾਂ ਪਾਕਿਸਤਾਨ ਵੀ ਬਲੋਚਿਸਤਾਨ ਵਿੱਚ ਪੰਜਵੀਂ ਵਾਰ ਹੋਈ ਬਗ਼ਾਵਤ ਅਤੇ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀਟੀਪੀ) ਦੀਆਂ ਕਾਰਵਾਈਆਂ ਪਿੱਛੇ 'ਭਾਰਤ ਦਾ ਹੱਥ' ਸਾਬਤ ਕਰਨ ਦਾ ਦੋਸ਼ ਲਾਉਂਦਾ ਰਹੇਗਾ।

ਭਾਰਤ ਅਤੇ ਜਪਾਨ, ਦਸ ਆਸੀਅਨ ਮੁਲਕਾਂ ਅਤੇ ਆਸਟਰੇਲੀਆ ਦਰਮਿਆਨ ਵਧ ਰਹੇ ਸਹਿਯੋਗ ਸਦਕਾ 'ਪੂਰਬੀ ਮੁਲਕਾਂ ਨਾਲ ਸਹਿਯੋਗ' ਦੀ ਨੀਤੀ ਸਹੀ ਦਿਸ਼ਾ ਵਿੱਚ ਅੱਗੇ ਵਧ ਰਹੀ ਹੈ। ਮਿਆਂਮਾਰ ਦੀ ਨਵੀਂ ਸਰਕਾਰ ਅਤੇ ਸੁਰੱਖਿਆ ਪੱਖ ਤੋਂ ਅਹਿਮ ਉੱਥੋਂ ਦੀ ਫ਼ੌਜ ਨਾਲ ਸਬੰਧਾਂ ਵਿੱਚ ਭਾਰਤ ਲਈ ਸੰਤੁਲਨ ਬਣਾਉਣਾ ਚੁਣੌਤੀ ਹੋਵੇਗਾ। 'ਪੱਛਮ ਨਾਲ ਸੁਖਾਵੇਂ ਰਿਸ਼ਤੇ ਕਾਇਮ ਕਰਨਾ ਦਾ ਕੰਮ ਮੋਦੀ ਨੂੰ ਕਰਨਾ ਪਵੇਗਾ ਜਦੋਂਕਿ ਨਿੱਜੀ ਤੌਰ 'ਤੇ ਉਹ ਸੰਯੁਕਤ ਅਰਬ ਅਮੀਰਾਤ ਅਤੇ ਸਾਊਦੀ ਅਰਬ ਨਾਲ ਸਾਂਝ ਵਧਾਉਣ ਲਈ ਕੋਸ਼ਿਸ਼ਾਂ ਕਰ ਰਹੇ ਹਨ। ਜੇ ਉਹ ਇਰਾਨ ਦਾ ਦੌਰਾ ਵੀ ਉਦੋਂ ਹੀ ਕਰਦੇ ਤਾਂ ਇਹ ਹੋਰ ਵੀ ਬਿਹਤਰ ਹੋਣਾ ਸੀ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਦੀ ਸੰਯੁਕਤ ਕਮਿਸ਼ਨ ਵਿੱਚ ਸ਼ਮੂਲੀਅਤ ਪ੍ਰਧਾਨ ਮੰਤਰੀ ਦੇ ਦੌਰੇ ਦਾ ਕੋਈ ਚੰਗਾ ਬਦਲ ਨਹੀਂ ਹੈ। ਇਸ ਤੋਂ ਇਲਾਵਾ ਭਾਰਤੀ ਜਨਤਾ ਪਾਰਟੀ ਨੂੰ ਅੰਤਰਝਾਤ ਮਾਰਨ ਦੀ ਜ਼ਰੂਰਤ ਹੈ ਕਿ ਆਪਣੇ ਮੁਲਕ ਵਿੱਚ ਮੁਸਲਮਾਨਾਂ ਨੂੰ ਸਤਾਉਣਾ ਤੇ ਵਿਦੇਸ਼ਾਂ ਵਿੱਚ ਉਨ੍ਹਾਂ ਨਾਲ ਪਿਆਰ ਜਤਾਉਣਾ ਕਿੱਥੋਂ ਤਕ ਸਹੀ ਹੈ?

ਵਿਆਪਕ ਸਬਕ ਇਹ ਹਨ ਕਿ ਪ੍ਰਧਾਨ ਮੰਤਰੀ ਨੂੰ ਵਿਦੇਸ਼ ਨੀਤੀ ਦੇ ਮਾਮਲੇ ਵਿੱਚ ਰਵਾਇਤੀ ਸਿਆਸੀ ਸਹਿਮਤੀ ਕਾਇਮ ਕਰਨੀ ਚਾਹੀਦੀ ਹੈ। ਸ੍ਰੀ ਮੋਦੀ ਦਾ ਤਰੀਕਾ ਚਾਹੇ ਕੋਈ ਵੀ ਹੋਵੇ, ਪਰ ਉਹ ਪੁਰਾਣੀਆਂ ਨੀਤੀਆਂ ਮੁਤਾਬਿਕ ਹੀ ਕੰਮ ਕਰ ਰਹੇ ਹਨ। ਉਨ੍ਹਾਂ ਨੂੰ ਆਪਣੇ ਸਹਾਇਕ ਕਰਮਚਾਰੀਆਂ, ਕੈਬਨਿਟ ਸਾਥੀਆਂ ਅਤੇ ਸਲਾਹਕਾਰਾਂ ਸਬੰਧੀ ਮੁੜ ਵਿਚਾਰ ਕਰਨ ਦੀ ਜ਼ਰੂਰਤ ਹੈ।

ਝਰਨੇ ਦੇ ਹੇਠਾਂ ਕਿਵੇਂ ਜਲਦੀ ਹੈ ਅੱਗ

ਦੁਨੀਆਂ ਭਰ ਵਿਚ ਕਈ ਅਜਿਹੀਆਂ ਥਾਵਾਂ ਹਨ, ਜਿਹਨਾਂ ਬਾਰੇ ਜਾਣ ਕੇ ਹੈਰਾਨੀ ਹੁੰਦੀ ਹੈ। ਕਿਤੇ ਪਹਾੜਾਂ ਤੇ ਬੰਦ ਗੱਡੀਆਂ ਆਪਣੇ ਆਪ ਚੱਲਣ ਲੱਗਦੀਆਂ ਹਨ ਅਤੇ ਕਿਤੇ ਡੂੰਘੇ ਖ਼ੂਹ ਦੇ ਅੰਦਰ ਤੋਂ ਰੌਸ਼ਨੀ ਨਿਕਲਦੀ ਹੈ। ਅਜਿਹੀ ਹੀ ਇਕ ਜਗ੍ਹਾ ਨਿਊਯਾਰਕ ਦੇ ਚੈਸਟਨਟ ਰਿਜ ਕਾਉਂਟੀ ਪਾਰਕ ਵਿਚ ਸਥਿਤ ਇਕ ਝਰਨਾ ਹੈ, ਜਿਸਨੂੰ ਐਟਰਨਲ ਫਲੇਮ ਫਾਲਜ਼ ਕਿਹਾ ਜਾਂਦਾ ਹੈ। ਇਸ ਝਰਨੇ ਦੀ ਖਾਸੀਅਤ ਇਹ ਹੈ ਕਿ ਇੱਥੇ ਸਾਲ ਭਰ ਪਾਣੀ ਵਹਿੰਦਾ ਰਹਿੰਦਾ ਹੈ ਅਤੇ ਉਸਦੇ ਹੇਠਾਂ ਇਕ ਅੱਗ ਲਗਾਤਾਰ ਜਲਦੀ ਰਹਿੰਦੀ ਹੈ। ਸਥਾਨਕ ਲੋਕ ਇਸਨੂੰ ਦੈਵੀ ਚਮਤਕਾਰ ਮੰਨਦੇ ਹਨ। ਹਿਸ ਨੂੰ ਲੈ ਕੇ ਕਈ ਕਹਾਵਤਾਂ ਵੀ ਪ੍ਰਚੱਲਿਤ ਹਨ। ਕੁਝ ਲੋਕਾਂ ਮੁਤਾਬਕ ਇਹ ਅੱਗ ਉਸ ਵਕਤ ਬੁਝੇਗੀ, ਜਦੋਂ ਧਰਤੀ ਤੇ ਮਹਾਂ ਪਰਲੋ ਵਰਗੀ ਕੋਈ ਆਫਤ ਆਉਣ ਵਾਲੀ ਹੋਵੇਗੀ। ਇਸ ਝਰਨੇ ਨੂੰ ਦੇਖਣ ਦੇ ਲਈ ਇੱਥੇ ਸੈਲਾਨੀਆਂ ਅਤੇ ਸ਼ਰਧਾਲੂਆਂ ਦੀ ਭੀੜ ਲੱਗੀ ਰਹਿੰਦੀ ਹੈ। **ਕੀ ਹੈ ਸੱਚ?-** ਇੰਟਰਨਲ ਫਲੇਮ ਤੇ ਲਗਾਤਾਰ ਮੱਚ ਰਹੀ ਇਸ ਅੱਗੇ ਬਾਰੇ ਵਿਗਿਆਨੀਆਂ ਨੇ ਸਮੇਂ-ਸਮੇਂ ਤੇ ਖੋਜਾਂ ਕੀਤੀਆਂ ਹਨ। ਤਾਜ਼ਾ ਖੋਜ ਇੰਡੀਆਨਾ ਯੂਨੀਵਰਸਿਟੀ ਦੇ ਵਿਗਿਆਨੀਆਂ ਦੁਆਰਾ ਕੀਤੀ ਗਈ, ਜਿਸਨੂੰ ਸਭ ਤੋਂ ਜ਼ਿਆਦਾ ਸਟੀਕ ਮੰਨਿਆ ਜਾਂਦਾ ਹੈ। ਇਸ ਖੋਜ ਦੌਰਾਨ ਵਿਗਿਆਨੀਆਂ ਨੂੰ ਪਤਾ ਲੱਗਿਆ ਕਿ ਜਿਸ ਪਹਾੜੀ ਤੋਂ ਹੋ ਕੇ ਇਹ ਝਰਨਾ ਵਹਿੰਦਾ ਹੈ, ਉਥੇ ਚਟਾਨਾਂ ਵਿਚਕਾਰੋਂ ਮੀਥੇਨ ਗੈਸ ਨਿਕਲਦੀ ਹੈ। ਅਜਿਹਾ ਮੰਨਿਆ ਜਾਂਦਾ ਹੈ ਕਿ 20ਵੀਂ ਸਦੀ ਦੀ ਸ਼ੁਰੂਆਤ ਵਿਚ ਹੀ ਕਿਸੇ ਨੇ ਇੱਥੇ ਅੱਗ ਲਗਾਈ ਹੋਵੇਗੀ, ਜੋ ਹੁਣ ਤੱਕ ਲਗਾਤਾਰ ਜਲ ਰਹੀ ਹੈ। ਭਾਰਤ ਵਿਚ ਵੀ ਹਿਮਾਲਿਆ ਦੇ ਕਾਂਗੜਾ ਵਿਚ ਸਥਿਤ ਜਵਾਲਾਮੁਖੀ ਦੇਵੀ ਦੇ ਮੰਦਰ ਵਿਚ ਕੁਦਰਤੀ ਅੱਗ ਪ੍ਰਾਚੀਨ ਕਾਲ ਤੋਂ ਲਗਾਤਾਰ ਜਲ ਰਹੀ ਹੈ। ਇਸ ਨੂੰ ਲੈ ਕੇ ਵੀ ਵਿਗਿਆਨੀ ਇਹੀ ਸਿਧਾਂਤ ਮੰਨਦੇ ਹਨ।

Haller's PHARMACY Since 1957

* Free Delivery
* $5 credit on over-the-counter products for newly transferred patients
* Open 7 days a week

ਫਰੀ ਡਿਲੀਵਰੀ

ਹੋਰ ਜਾਣਕਾਰੀ ਲਈ ਸੰਪਰਕ ਕਰੋ:

(510) 797-2772

37323 Fremont Blvd, Fremont, CA 94536

N P Construction

ਕਿਸੇ ਵੀ ਕਿਸਮ ਦਾ ਘਰ ਬਣਾਉਣਾ ਹੋਵੇ, Addition ਕਰਾਉਣਾ ਹੋਵੇ Kitchen/ Bath room ਲਈ ਇਕ ਵਾਰ ਜ਼ਰੂਰ ਤਸੱਲੀਬਖ਼ਸ਼ ਕੰਮ ਲਈ ਗੱਲਬਾਤ ਕਰੋ।

ਨਵੇਂ ਘਰਾਂ ਦੇ ਨਾਲ ਪੁਰਾਣੇ ਘਰਾਂ ਦੀ ਮੁਰੰਮਤ, ਡੈਕੋਰੇਸ਼ਨ, ਘਰ ਦੀ ਕੋਈ ਵੀ ਚੀਜ਼ ਅਪਡੇਟ ਕਰਾਉਣ ਦੇ ਲਈ ਇਕ ਵਾਰ ਜ਼ਰੂਰ ਯਾਦ ਕਰੋ।

ਨਰਿੰਦਰ ਸਿੰਘ ਬਾਦਲ

CSLB 963299

ਯੂਨੀਅਨ ਸਿਟੀ (ਕੈਲੇਫੋਰਨੀਆ)

510-372-3215

ਬਚਾਅ ਕਰੋ ਇਹਨਾਂ ਖੁਰਾਕੀ ਵਸਤਾਂ ਤੋਂ, ਘਟੇਗਾ ਤੇਜੀ ਨਾਲ ਵਜਨ

ਸਾਡੀ ਰੋਜ਼ਾਨਾ ਦੀ ਖੁਰਾਕ ਵਿਚੋਂ ਜੇਕਰ ਕੁਝ ਭੋਜਨ ਪਦਾਰਥ ਘੱਟ ਕਰ ਦਿੱਤੇ ਜਾਣ ਜਾਂ ਉਹਨਾਂ ਨੂੰ ਸੀਮਤ ਮਾਤਰਾ ਵਿਚ ਖਾਈਏ ਤਾਂ ਵਜਨ ਮੇਨਟੇਨ ਰੱਖਣ ਅਤੇ ਘਟਾਉਣ ਵਿਚ ਮਦਦ ਮਿਲਦੀ ਹੈ। ਅਮਰੀਕੀ ਫੂਡ ਐਕਸਪਰਟ ਆਈਸੇਫ ਐਲੀਆਜ ਦੀ ਖੋਜ ਦੇ ਮੁਤਾਬਕ ਇਹ ਭੋਜਨ ਪਦਾਰਥ ਮੋਟਾਪੇ ਲਈ ਰਾਮਬਾਣ ਦੱਸੇ ਗਏ ਹਨ।

ਡਾਈਟ ਸੋਡਾ

ਇਸ ਵਿਚ ਆਰਟੀਫਿਸ਼ਨ ਸਵੀਟਨਰਸ ਹੁੰਦੇ ਹਨ ਜੋ ਵਜਨ ਵਧਾਉਂਦੇ ਹਨ। ਪੀਣ ਨਾਲ ਦਿਮਾਗ ਨਾਲ ਸਬੰਧਤ ਬਿਮਾਰੀਆਂ, ਡਿਪ੍ਰੈਸ਼ਨ ਅਤੇ ਸਿਰ ਦਰਦ ਦੀ ਸੰਭਾਵਨਾ ਹੁੰਦੀ ਹੈ।

ਫ੍ਰੈਂਚ ਫ੍ਰਾਈਜ਼

ਇਸ ਵਿਚ ਮੌਜੂਦ ਟਰਾਂਸ ਫੈਟਸ ਅਤੇ ਬਿਮਾਰੂ ਤੇਲ ਵਜਨ ਵਧਾਉਣ ਦੇ ਨਾਲ ਨਾਲ ਦਿਲ ਦੇ ਲਈ ਵੀ ਨੁਕਸਾਨਦੇਹ ਹੁੰਦਾ ਹੈ।

ਵਾਈਟ ਚਾਕਲੇਟ

ਚਾਕਲੇਟ ਵਿਚ ਮੌਜੂਦ ਕੋਕੋ ਹੈਲਥ ਦੇ ਲਈ ਫਾਇਦੇਮੰਦ ਹੁੰਦਾ ਹੈ ਪਰ ਵਾਈਟ ਚਾਕਲੇਟ ਵਿਚ ਕੋਕਾ ਨਹੀਂ ਹੁੰਦਾ, ਸਿਰਫ ਸ਼ੱਕਰ ਹੁੰਦੀ ਹੈ।

ਆਰਟੀਫਿਸ਼ੀਅਲ ਸਵੀਟਨਰ

ਆਰਟੀਫੀਸ਼ੀਅਲ ਸਵੀਟਨਰ ਨਾਲ ਤੁਹਾਡਾ ਵਜਨ ਉਨਾ ਹੀ ਵਧਦਾ ਹੈ, ਜਿੰਨਾ ਕਿ ਆਮ ਸ਼ੱਕਰ ਨਾਲ। ਬਲੱਡ ਸ਼ੂਗਰ ਵਧਣ ਦਾ ਵੀ ਖਤਰਾ ਹੁੰਦਾ ਹੈ।

ਐਨਰਜੀ ਡ੍ਰਿੰਕਸ

ਐਨਰਜੀ ਡ੍ਰਿੰਕਸ ਵਿਚ ਜ਼ਿਆਦਾ ਮਾਤਰਾ ਵਿਚ ਫ੍ਰਕਟੋਜ ਕਾਰਨ ਸਿਰਪ ਹੁੰਦਾ ਹੈ ਜੋ ਵਜਨ ਵਧਾਉਂਦਾ ਹੈ। ਇਸ ਵਿਚ ਮੌਜੂਦ ਕੈਫੀਨ ਨੀਂਦ ਨਾ ਆਉਣ ਦਾ ਕਾਰਨ ਹੈ।

ਪੈਕਟ ਜੰਕ ਫੂਡ

ਪੈਕਡਾਂ ਵਿਚ ਜੰਕ ਫੂਡ ਜਿਵੇਂ ਚਿਪਸ ਜਾਂ ਕਪ ਕੇਕਸ ਵਿਚ ਭਾਰੀ ਮਾਤਰਾ ਵਿਚ ਨਕਮ, ਸ਼ੱਕਰ ਹੁੰਦੀ ਹੈ ਜੋ ਵਜਨ ਵਧਾਉਣ ਦੇ ਨਾਲ ਨਾਲ ਬਲੱਡ ਸ਼ੂਗਰ ਵੀ ਵਧਾਉਂਦੇ ਹਨ।

ਫਰੂਟ ਜੂਸ

ਫਰੂਟਸ ਫਾਈਬਰ, ਵਿਟਾਮਿਨ, ਮਿਨਰਲਸ ਨਾਲ ਭਰਪੂਰ ਹੁੰਦੇ ਹਨ ਪਰ ਫਰੂਟ ਜੂਸ ਵਿਚ ਇਹ ਸਿਹਤਮੰਦ ਫਾਇਦੇ ਨਹੀਂ ਹੁੰਦੇ। ਸ਼ੱਕਰ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ।

ਮੋਟਾਪੇ ਤੋਂ ਇਲਾਵਾ ਵੀ ਪੇਟ ਫੁੱਲਣ ਦੇ ਹੋ ਸਕਦੇ ਹਨ ਕਈ ਕਾਰਨ

ਹਰ ਵਾਰ ਫੁੱਲੇ ਪੇਟ ਦਾ ਕਾਰਨ ਮੋਟਾਪਾ ਹੀ ਨਹੀਂ ਹੁੰਦਾ ਬਲਕਿ ਕਈ ਹੋਰ ਕਾਰਨਾਂ ਕਰਕੇ ਵੀ ਪੇਟ ਫੁੱਲਣ ਦੀ ਸਮੱਸਿਆ ਹੋ ਸਕਦੀ ਹੈ। ਪੇਟ ਫੁੱਲਣ ਦੇ ਅਜਿਹੇ ਹੀ ਕੁਝ ਕਾਰਨਾਂ ਬਾਰੇ ਅਸੀਂ ਤੁਹਾਡੀ ਜਾਣਕਾਰੀ ਵਿਚ ਵਾਧਾ ਕਰ ਰਹੇ ਹਾਂ:

ਅਡੀਮਾ ਵਰਗੀਆਂ ਬਿਮਾਰੀਆਂ ਦੇ ਕਾਰਨ ਸਰੀਰ ਵਿਚ ਪਾਣੀ ਜਮ੍ਹਾ ਹੋ ਜਾਂਦਾ ਹੈ। ਇਸ ਦੇ ਕਾਰਨ ਵੀ ਪੇਟ ਫੁੱਲਦਾ ਹੈ।

ਜ਼ਿਆਦਾਤਰ ਲੋਕਾਂ ਵਿਚ ਪੇਟ ਫੁੱਲਣ ਦਾ ਕਾਰਨ ਆਈ. ਬੀ. ਐਸ. (ਇਰੀਟੇਬਲ ਬਾਊਲ ਸਿਡਰੋਮ), ਅਲਸਰ ਵਰਗੀਆਂ ਤਕਲੀਫਾਂ ਹੋ ਸਕਦੀਆਂ ਹਨ। ਲਿਵਰ ਵਿਚ ਸੋਜਿਸ਼, ਇਨਫੈਕਸ਼ਨ, ਹੈਪੇਟਾਈਟਿਸ ਵਰਗੀ ਕਿਸੇ ਬਿਮਾਰੀ ਦੇ ਕਾਰਨ ਵੀ ਪੇਟ ਫੁੱਲਿਆ ਹੋਇਆ ਨਜ਼ਰ ਆਉਂਦਾ ਹੈ।

ਡੀਹਾਈਡ੍ਰੇਸ਼ਨ ਦੇ ਕਾਰਨ ਕਬਜ ਦੀ ਸਮੱਸਿਆ ਹੋ ਜਾਂਦੀ ਹੈ। ਇਸ ਤੋਂ ਬਾਅਦ ਪਾਣੀ ਪੀਣ ਤੇ ਉਹ ਪੇਟ ਵਿਚ ਜਮ੍ਹਾ ਹੋ ਕੇ ਪੇਟ ਨੂੰ ਫੁਲਾਉਂਦਾ ਹੈ।

ਕਬਜ ਦੇ ਕਾਰਨ ਪੇਟ ਸਖਤ ਹੋ ਜਾਂਦਾ ਹੈ। ਗੈਸ ਬਣਦੀ ਹੈ, ਜਿਸ ਨਾਲ ਪੇਟ ਫੁੱਲਦਾ ਹੈ। ਕਈ ਭੋਜਨ ਪਦਾਰਥ ਖਾਸ ਕਰਕੇ ਦੁੱਧ ਅਤੇ ਮੈਦੇ ਦੇ ਪ੍ਰੋਡਕਟਸ ਕਾਰਨ ਐਲਰਜੀ ਦੇ ਕਾਰਨ ਪੇਟ ਵਿਚ ਗੈਸ ਬਣਦੀ ਹੈ ਅਤੇ ਪੇਟ ਫੁੱਲਦਾ ਹੈ।

ਛੋਟੀ ਆਂਦਰ ਵਿਚ ਬੈਕਟੀਰੀਆ (ਐਸ. ਆਈ. ਬੀ. ਓ.) ਨਾਮੀ ਬਿਮਾਰੀ ਹੋ ਸਕਦੀ ਹੈ, ਜਿਸ ਕਾਰਨ ਪੇਟ ਫੁੱਲਦਾ ਹੈ।

ਪੇਲਵਿਕ ਰੀਜਨ, ਯੂਰੀਨਰੀ ਟ੍ਰੈਕਟ ਏਰੀਆ ਵਿਚ ਇਨਫੈਕਸ਼ਨ ਦੇ ਕਾਰਨ ਪੇਟ ਫੁੱਲਣ ਦੀ ਸਮੱਸਿਆ ਹੋ ਸਕਦੀ ਹੈ। ਆਂਦਰਾਂ ਵਿਚ ਕਿਸੇ ਟਿਊਮਰ ਜਾਂ ਹੋਰ ਰੁਕਾਵਟ ਦੇ ਕਾਰਨ ਪੇਟ ਫੁੱਲਦਾ ਹੈ। ਇਸ ਵਿਚ ਕਾਫੀ ਦਰਦ ਹੁੰਦਾ ਹੈ। ਔਰਤਾਂ ਵਿਚ ਹਾਰਮੋਨਲ ਤਬਦੀਲੀਆਂ ਦੇ ਕਾਰਨ ਮੈਨਸਿਜ਼ ਦੇ ਦੌਰਾਨ ਕਈ ਵਾਰ ਪੇਟ ਫੁੱਲਣ ਦੀ ਸ਼ਿਕਾਇਤ ਹੋ ਜਾਂਦੀ ਹੈ।

ਸਿਹਤਮੰਦ ਰਹਿਣ ਲਈ ਇਸ ਤਰ੍ਹਾਂ ਨਾਲ ਕਰੋ ਪਾਣੀ ਦੀ ਵਰਤੋਂ

ਸਾਡੇ ਸਰੀਰ ਦਾ ਇਕ ਚੌਥਾਈ ਹਿੱਸਾ ਪਾਣੀ ਨਾਲ ਬਣਿਆ ਹੈ। ਇਹ ਸਾਡੀ ਸਿਹਤ ਲਈ ਬਹੁਤ ਜ਼ਰੂਰੀ ਹੈ। ਸਰੀਰ 'ਚ ਪਾਣੀ ਦੀ ਕਮੀ ਹੋਣ ਨਾਲ ਸਾਡੇ ਸਿਹਤ ਨਾਲ ਸੰਬੰਧੀ ਬਹੁਤ ਸਾਰੀਆਂ ਬੀਮਾਰੀਆਂ ਹੋ ਜਾਂਦੀਆਂ ਹਨ, ਜਿਵੇਂ ਕਿ ਗੈਸ ਦੀ ਪ੍ਰੇਸ਼ਾਨੀ, ਕਬਜ਼, ਮੋਟਾਪਾ ਆਦਿ। ਇਸ ਦੇ ਨਾਲ ਸਾਡੇ ਚਿਹਰੇ ਦੀ ਖੂਬਸੂਰਤੀ ਵੀ ਘੱਟ ਹੋ ਜਾਂਦੀ ਹੈ। ਡਾਕਟਰਾਂ ਮੁਤਾਬਕ ਹਰ ਵਿਅਕਤੀ ਨੂੰ ਦਿਨ 'ਚ 10 ਤੋਂ 12 ਗਿਲਾਸ ਪਾਣੀ ਜ਼ਰੂਰ ਪਾਣੀ ਚਾਹੀਦਾ। ਤਾਂ ਆਓ ਜਾਣਦੇ ਹਾਂ ਪਾਣੀ ਪੀਣ ਨਾਲ ਸਿਹਤਮੰਦ ਰਹਿਣ ਦੇ ਤਰੀਕੇ।

ਬੈਂਡ ਦੇ ਕੋਲ ਪਾਣੀ ਰੱਖੋ—ਸੋਣ ਤੋਂ ਪਹਿਲਾਂ ਆਪਣੇ ਕਮਰੇ 'ਚ ਬੈਂਡ ਦੇ ਕੋਲ ਪਾਣੀ ਜ਼ਰੂਰ ਰੱਖੋ ਤਾਂ ਜੋ ਰਾਤ ਦੇ ਸਮੇਂ ਪਿਆਸ ਲੱਗਣ 'ਤੇ ਤੁਹਾਨੂੰ ਪਾਣੀ ਲੈਣ ਕਿਤੇ ਦੂਰ ਨਾ ਜਾਣਾ ਪਏ।

ਸਵੇਰੇ ਉੱਠਣ ਤੋਂ ਬਾਅਦ—ਤੁਸੀ ਜਦੋਂ ਸਵੇਰੇ ਉੱਠਦੇ ਹੋ ਤਾਂ ਸਭ ਤੋਂ ਪਹਿਲਾਂ ਪਾਣੀ ਜ਼ਰੂਰ ਪੀਓ। ਸਵੇਰੇ ਖਾਲੀ ਪੇਟ ਪਾਣੀ ਪੀਣ ਨਾਲ ਪੇਟ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਨਹੀਂ ਹੁੰਦੀ।

ਰੋਜ਼ ਸਵੇਰੇ ਇਕ ਗਿਲਾਸ ਪੀਣ ਨਾਲ ਕਬਜ਼ ਅਤੇ ਗੈਸ ਦੀ ਪ੍ਰੇਸ਼ਾਨੀ ਵੀ ਦੂਰ ਹੋ ਜਾਂਦੀ ਹੈ।

ਪਾਣੀ ਨਾਲ ਭਰਪੂਰ ਮਾਤਰਾ ਵਾਲੇ ਫਲ—ਜ਼ਿਆਦਾ ਗਰਮੀ ਦੇ ਕਾਰਨ ਸਾਡੇ ਸਰੀਰ 'ਚ ਪਾਣੀ ਦੀ ਮਾਤਰਾ ਘੱਟ ਹੋ ਜਾਂਦੀ ਹੈ। ਪਾਣੀ ਦੀ ਇਸ ਕਮੀ ਨੂੰ ਪੂਰਾ ਕਰਨ ਲਈ ਸਾਨੂੰ ਪਾਣੀ ਨਾਲ ਭਰਪੂਰ ਮਾਤਰਾ ਵਾਲੇ ਫਲਾਂ ਦੀ ਵਰਤੋਂ ਕਰਨੀ ਚਾਹੀਦੀ, ਜਿਵੇਂ ਕਿ ਤਰ, ਤਰਬੂਜ਼, ਅੰਗੂਰ, ਸੰਤਰਾ ਆਦਿ।

ਖਾਣ ਤੋਂ ਪਹਿਲਾਂ ਅਤੇ ਬਾਅਦ—ਮੋਟਾਪੇ ਨੂੰ ਦੂਰ ਕਰਨ ਲਈ ਤੁਸੀਂ ਖਾਣੇ ਤੋਂ ਅੱਧਾ ਘੰਟਾ ਪਹਿਲਾਂ ਅਤੇ ਇਕ ਘੰਟੇ ਤੋਂ ਬਾਅਦ ਪਾਣੀ ਦੀ ਵਰਤੋਂ ਕਰੋ ਨਾ ਕਿ ਖਾਣਾ ਖਾਂਦੇ ਸਮੇਂ ਪਾਣੀ ਪੀਓ।

ਕਸਰਤ ਕਰਦੇ ਸਮੇਂ—ਕਸਰਤ ਕਰਦੇ ਸਮੇਂ ਸਾਡੇ ਸਰੀਰ 'ਚ ਮੌਜੂਦ ਜ਼ਹਿਰੀਲੇ ਪਦਾਰਥ ਪਸੀਨਾ ਆਉਣ ਨਾਲ ਬਾਹਰ ਨਿਕਲ ਜਾਂਦੇ ਹਨ ਜਿਸ ਕਾਰਨ ਸਾਡੇ ਸਰੀਰ 'ਚ ਪਾਣੀ ਦੀ ਕਮੀ ਆ ਜਾਂਦੀ ਹੈ, ਇਸ ਲਈ ਕਸਰਤ ਕਰਦੇ ਸਮੇਂ ਪੀਣ ਲਈ ਪਾਣੀ ਜ਼ਰੂਰ ਰੱਖੋ।

ਸਾਫ ਪਾਣੀ ਪੀਓ—ਸਾਫਟ ਡਰਿੰਕ ਅਤੇ ਸੋਡਾ ਵਾਟਰ ਨੂੰ ਕਦੇ ਵੀ ਨਾ ਪੀਓ ਕਿਉਂਕਿ ਸਾਡੀ ਸਿਹਤ ਲਈ ਖਤਰਨਾਕ ਹੁੰਦੇ ਹਨ। ਇਸ ਨੂੰ ਪੀਣ ਨਾਲ ਸਾਡੇ ਸਰੀਰ ਦਾ ਭਾਰ ਘੱਟ ਹੋਣ ਦੀ ਜਗ੍ਹਾ ਵੱਧ ਜਾਂਦੀ ਹੈ, ਇਸ ਲਈ ਜਿੰਨਾ ਹੋ ਸਕੇ ਫਲਾਂ ਦੇ ਰਸ ਦੀ ਜ਼ਿਆਦਾ ਵਰਤੋਂ ਕਰੋ।

ਪਾਣੀ ਦੀ ਬੋਤਲ—ਗਰਮੀਆਂ 'ਚ ਜੇਕਰ ਤੁਸੀਂ ਕਿਤੇ ਬਾਹਰ ਜਾ ਰਹੇ ਹੋ ਤਾਂ ਆਪਣੇ ਨਾਲ ਪਾਣੀ ਜ਼ਰੂਰ ਰੱਖੋ। ਹਮੇਸ਼ਾ ਸਾਫ ਪਾਣੀ ਹੀ ਪੀਓ। ਬਾਹਰ ਦੇ ਪਾਣੀ ਤੋਂ ਪਰਹੇਜ਼ ਰੱਖੋ ਕਿਉਂਕਿ ਅਸ਼ੁੱਧ ਪਾਣੀ ਪੀਣ ਨਾਲ ਤੁਸੀਂ ਬੀਮਾਰ ਵੀ ਨਹੀਂ ਹੋ ਸਕਦੇ ਹੋ।

Raj Budwal

(Investment and Fiancial Advisor)

408-972-8000, 408-835-0202 (Cell)

Budwal@sagepointadvisor.com

Budwal and Associates

315 Piercy Road,

San Jose, CA 95138

Should I invest my extra cash or use it to pay off debt?

Answer:

To answer this question, you must decide how your money can work best for you. Compare the money you might earn on other investments with the money you would pay on your debt. If you would earn less on investments than you would pay on debts, you should pay off debt.

Let's assume that you have $1,000 in a savings account that earns an annual rate of return of 4 percent. Meanwhile, your credit card balance of $1,000 incurs annual interest at a rate of 19 percent. Your savings account thus earns $40, while your credit card costs $190. Your annual net loss is 15 percent, or $150, the difference between what you earned on the savings account and what you paid in interest on the credit card balance. It's even worse when you consider the tax effect. The interest on the savings account is taxable, and you have to use after-tax dollars to pay your credit card bill.

In the above example, it would be best to use your extra cash to pay down the high-interest debt balance. The same principle would apply if you were to invest your extra cash in a certificate of deposit (CD), mutual fund, or other investment.

How can I get an estimate of my Social Security benefits?

Answer:

One way to get an estimate of your future Social Security benefits is to use the benefit calculators available on the Social Security Administration's website, www.ssa.gov. You can estimate your retirement benefit based on your actual earnings record using the Retirement Estimator calculator, then create different scenarios based on current law that will illustrate how different earnings amounts and retirement ages will affect the benefit you receive. Other benefit calculators are also available that can help you estimate disability and survivor's benefits. You can also sign up for amy Social Security account so that you can view your online Social Security Statement.

Your statement contains a detailed record of your earnings, as well as estimates of retirement, survivor's, and disability benefits. It also includes other information about Social Security that may help you plan for retirement. If you're not registered for an online account and are not yet receiving benefits, you'll receive a statement in the mail every five years, from age 25 to age 60, and then annually thereafter.

ਇਹ ਹਨ ਇਤਿਹਾਸ ਦੇ 10 ਸਭ ਤੋਂ ਅਮੀਰ, ਬਾਦਸ਼ਾਹ ਅਕਬਰ ਦੇ ਨਾਲ ਬਿਲ ਗੇਟਸ ਵੀ ਸ਼ਾਮਲ



ਮਨਸਾ ਮੂਸਾ
ਸਮਾਂ : 1280–1337
ਦੇਸ਼–ਮਾਲੀ
ਪੈਸਾ: ਹੁਣ ਤੱਕ ਦੁਨੀਆਂ ਵਿਚ ਸਭ ਤੋਂ ਅਮੀਰ

ਮੂਸਾ ਪੱਛਮੀ ਅਫਰੀਕੀ ਦੇਸ਼ ਮਾਲੀ ਦੇ ਰਹਿਣ ਵਾਲੇ ਸਨ। ਮਾਲੀ ਲੰਬੇ ਸਮੇਂ ਤੱਕ ਫਰਾਂਸ ਦਾ ਉਪਨਿਵੇਸ਼ ਵੀ ਰਿਹਾ ਹੈ। ਉਹਨਾਂ ਦੇ ਸਾਮਰਾਜ ਨੂੰ ਟਿੰਬੂਕਟੂ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਉਹਨਾਂ ਨੂੰ ਇਤਿਹਾਸ ਦਾ ਸਭ ਤੋਂ ਅਮੀਰ ਵਿਅਕਤੀ ਮੰਨਿਆ ਜਾਂਦਾ ਹੈ। ਫੇਰਮ ਕਾਲਜ ਵਿਚ ਇਤਿਹਾਸ ਦੇ ਪ੍ਰੋਫੈਸਰ ਰਿਚਰਡ ਸਮਿੱਥ ਮੁਤਾਬਕ ਮੂਸਾ ਦੁਨੀਆਂ ਦੇ ਸਭ ਤੋਂ ਵੱਡੇ ਗੋਲਡ ਪ੍ਰੋਡਿਊਸਰ ਸਨ। ਮੌਜੂਦਾ ਦੌਰੇ ਵਿਚ ਗੋਲਡ ਦੁਨੀਆਂ ਦਾ ਸਭ ਤੋਂ ਕੀਮਤੀ ਮਟੀਰੀਅਲ ਹੈ।

ਮੂਸਾ ਦੇ ਬਾਰੇ ਮੱਕਾ ਵਿਚ ਕਈ ਕਹਾਣੀਆਂ ਪ੍ਰਚੱਲਿਤ ਹੈ। ਉਹ ਆਪਣੇ ਨਾਲ ਦਰਜਨਾਂ ਊਠਾਂ ਤੇ ਸੋਨਾ ਲੈ ਕੇ ਚਲਿਆ ਕਰਦੇ ਸਨ। ਉਹਨਾਂ ਦਾ ਰਹਿਣ-ਸਹਿਣ ਇੰਨਾ ਸ਼ਾਹੀ ਸੀ ਕਿ ਇਸ ਦੇ ਕਾਰਨ ਮਿਸਰ ਦੀ ਕਰੰਸੀ ਕ੍ਰਾਈਸਿਸ ਹੋ ਗਈ ਸੀ। ਮੂਸਾ ਦੇ ਕੋਲ ਕਰੀਬ 2 ਲੱਖ ਲੋਕਾਂ ਦੀ ਫੌਜ ਸੀ। ਇਸ ਵਿਚੋਂ 40 ਹਜ਼ਾਰ ਨਿਸ਼ਾਨੇਬਾਜ਼ ਸਨ। ਇਤਿਹਾਸਕਾਰਾਂ ਮੁਤਾਬਕ ਉਸ ਦੌਰ ਵਿਚ ਇੰਨੀ ਵੱਡੀ ਫੌਜ ਰੱਖਣ ਤੋਂ ਪਤਾ ਲੱਗਦਾ ਹੈ ਕਿ ਮੂਸਾ ਹੁਣ ਤੱਕ ਦੇ ਸਭ ਤੋਂ ਅਮੀਰ ਵਿਅਕਤੀ ਸਨ।

ਅਗਸਟਸ ਸੀਜਰ
ਸਮਾਂ: 63 ਬੀ. ਸੀ.–14 ਏ. ਡੀ.
ਦੇਸ਼: ਰੋਮ
ਸੰਪਤੀ: 4.6 ਲੱਖ ਕਰੋੜ ਡਾਲਰ

ਇਸ ਲਿਸਟ ਵਿਚ ਰੋਮ ਦੇ ਸ਼ਾਸਕ ਸੀਜਰ ਨੂੰ ਇਤਿਹਾਸ ਦਾ ਦੂਜਾ ਸਭ ਤੋਂ ਅਮੀਰ ਵਿਅਕਤੀ ਦੱਸਿਆ ਗਿਆ ਹੈ। ਸਟੈਨਫੋਰਡ ਦੇ ਇਤਿਹਾਸਕਾਰ ਇਆਨ ਮੋਰਿਸ ਦੇ ਮੁਤਾਬਕ ਰੋਮਨ ਸਾਮਰਾਜ ਦੇ ਮੁਖੀ ਹੋਣ ਦੇ ਨਾਤੇ ਸੀਜਰ ਦੀ ਕੌਮਾਂਤਰੀ ਆਰਥਿਕ ਉਤਪਾਦਨ ਵਿਚ ਹਿੱਸੇਦਾਰੀ 25 ਤੋਂ 30 ਫੀਸਦੀ ਸੀ। ਟਾਈਮ ਨੇ 2014 ਵਿਚ ਸੀਜਰ ਦੀ ਨਿੱਜੀ ਸੰਪਤੀ 4.6 ਲੱਖ ਕਰੋੜ ਅਮਰੀਕੀ ਡਾਲਰ ਮਾਪੀ ਸੀ। ਮੋਰਿਸ ਦੇ ਮੁਤਾਬਕ ਸੀਜਰ ਦੇ ਕੋਲ ਆਪਦੇ ਸਾਮਰਾਜ ਦੀ ਕੁੱਲ ਸੰਪਤੀ ਦਾ ਪੰਜਵਾਂ ਹਿੱਸਾ ਸੀ।

ਸਮਰਾਟ ਸ਼ੇਨਜਾਂਗ
ਸਮਾਂ 1048–1085
ਦੇਸ਼: ਚੀਨ
ਸੰਪਤੀ: ਗਲੋਬਲ ਇਕਾਨਮੀ ਦਾ 30 ਫੀਸਦੀ

ਸ਼ਾਂਗ ਸਾਮਰਾਜ ਨੂੰ ਚੀਨ ਦਾ ਸਭ ਤੋਂ ਅਮੀਰ ਸਾਮਰਾਜ ਮੰਨਿਆ ਜਾਂਦਾ ਹੈ। ਟੈਮਕੈਂਗ ਯੂਨੀਵਰਸਿਟੀ ਵਿਚ ਸ਼ਾਂਗ ਸਾਮਰਾਜ ਦੇ ਪ੍ਰੋਫੈਸਰ ਰੋਨਾਲਡ ਏ. ਐਡਵਰਥ ਦੇ ਮੁਤਾਬਕ ਉਸ ਦੌਰ ਵਿਚ ਚੀਨ ਦੀ ਕੌਮਾਂਤਰੀ ਆਰਥਿਕ ਹਿੱਸੇਦਾਰੀ 25 ਤੋਂ 30 ਫੀਸਦੀ ਸੀ। ਤਕਨੀਕ ਵਿਚ ਨਵਾਂਪਣ ਅਤੇ ਟੈਕਸ ਪ੍ਰਾਪਤ ਕਰਨ ਦੀ ਬਿਹਤਰ ਸਮਰੱਥਾ ਨੇ ਇਸ ਸਾਮਰਾਜ ਨੂੰ ਆਰਥਿਕ ਤੌਰ ਤੇ ਇੰਨਾ ਸ਼ਕਤੀਸ਼ਾਲੀ ਬਣਾਇਆ ਸੀ। ਐਡਵਰਥ ਦੇ ਮੁਤਾਬਕ ਤਕਨੀਕ ਦੇ ਮਾਮਲੇ ਵਿਚ ਉਸ ਦੌਰ ਦਾ ਚੀਨ ਯੂਰਪ ਤੋਂ 100 ਸਾਲ ਅੱਗੇ ਸੀ।

ਬਾਦਸ਼ਾਹ ਅਕਬਰ
ਸਮਾਂ : 1542–1605
ਦੇਸ਼ : ਭਾਰਤ
ਸੰਪਤੀ: ਗਲੋਬਲ ਇਕਾਨਮੀ ਦੀ 25 ਫੀਸਦੀ

ਭਾਰਤ ਵਿਚ ਮੁਗਲ ਵੰਸ਼ ਦੇ ਮਹਾਨ ਸ਼ਾਸਕ ਅਕਬਰ ਜਿਸ ਸਾਮਰਾਜ ਨੂੰ ਸੰਭਾਲਦੇ ਸਨ, ਗਲੋਬਲ ਇਕਾਨਮੀ ਵਿਚ ਉਸਦੀ ਹਿੱਸੇਦਾਰੀ ਇਕ ਚੌਥਾਈ ਸੀ। ਟਾਈਮ ਦੇ ਮੁਤਾਬਕ ਅਕਬਰ ਦੇ ਸ਼ਾਸਨ ਦੀ ਜੀ. ਡੀ. ਪੀ. ਐਲਿਜਾਬੈਥ ਦੇ ਬ੍ਰਿਟਿਸ਼ ਅੰਪਾਇਰ ਦੇ ਬਰਾਬਰ ਹੀ ਸੀ। ਪਰ ਮੁਗਲ ਸ਼ਾਸਕ ਵਰਗ ਦਾ ਰਹਿਣ-ਸਹਿਣ ਬ੍ਰਿਟਿਸ਼ ਰਾਜਘਰਾਣੇ ਤੋਂ ਕਿਤੇ ਜ਼ਿਆਦਾ ਸ਼ਾਨਦਾਰ ਸੀ। ਇਕਨਾਮਿਕਸਟ ਬ੍ਰੈਂਕੋ ਮਿਲਨੇਵਿਸ ਦੇ ਮੁਤਾਬਕ ਮੁਗਲ ਦੌਰ ਦੇ ਸ਼ਾਸਕ ਵਰਗ ਦਾ ਰਹਿਣ-ਸਹਿਣ ਪੱਛਮੀ ਸ਼ਾਸਕਾਂ ਦੇ ਮੁਕਾਬਲੇ ਜ਼ਿਆਦਾ ਸ਼ਾਹੀ ਸੀ। ਮਿਲਨੋਵਿਸ ਨੇ ਰਿਸਰਚ ਵਿਚ ਦਾਅਵਾ ਕੀਤਾ ਗਿਆ ਹੈ ਕਿ ਮੁਗਲ ਸਾਮਰਾਜ ਹੁਣ ਤੱਕ ਦੇ ਸਭ ਤੋਂ ਪ੍ਰਭਾਵਸ਼ਾਲੀ ਸਾਮਰਾਜਾਂ ਵਿਚੋਂ ਇਕ ਰਿਹਾ ਹੈ।

ਐਲਨ ਰਫੂਸ
ਦੇਸ਼: ਇੰਗਲੈਂਡ
ਸਮਾਂ: 1040–1093
194 ਅਰਬ ਡਾਲਰ ਦੀ ਦੌਲਤ

ਵਿਲੀਅਮ ਦੀ ਅਗਵਾਈ ਵਿਚ ਨਾਰਮਨਾਂ ਦੀ ਇੰਗਲੈਂਡ ਤੇ 1066 ਦੀ ਜਿੱਤ ਵਿਚ ਭਤੀਜਾ ਰਫੂਜ ਵੀ ਸ਼ਾਮਲ ਸੀ। ਦਾ ਰਿਚੈਸਟ ਆਫ ਦਾ ਰਿਸ ਪੁਸਤਕ ਦੇ ਮੁਤਾਬਕ, ਮੌਤ ਦੇ ਵਕਤ ਰਾਫੂਸ ਦੇ ਕੋਲ 11,000 ਕਰੋੜ ਪੌਂਡ ਦੀ ਸੰਪਤੀ ਸੀ। ਇਹ ਰਾਸ਼ੀ ਉਸ ਵਕਤ ਦੇ ਇੰਗਲੈਂਡ ਦੀ ਜੀ. ਡੀ. ਪੀ. ਦਾ 7 ਫੀਸਦੀ ਸੀ। ਮੌਜੂਦਾ ਸਮੇਂ ਵਿਚ ਇਹ 194 ਅਰਬ ਡਾਲਰ ਬਣਦੀ ਹੈ।



ਐਂਡਰਿਊ ਕਾਰਨੇਗੀ
ਦੇਸ਼: ਅਮਰੀਕਾ
ਸਮਾਂ: 1835–1919 ਈਸਵੀ, 372 ਅਰਬ ਡਾਲਰ ਦੀ ਦੌਲਤ

ਐਂਡਰਿਊ ਕਾਰਨੇਗੀ ਨੂੰ ਅਮਰੀਕਾ ਦਾ ਹੁਣ ਤੱਕ ਦਾ ਸਭ ਤੋਂ ਅਮੀਰ ਵਿਅਕਤੀ ਮੰਨਿਆ ਜਾਂਦਾ ਹੈ। ਕਾਰਨੇਗੀ ਨੇ ਆਪਣੀ ਕੰਪਨੀ ਯੂ. ਐਸ. ਸਟੀਲ ਜੇ. ਪੀ. ਮਾਰਗਨ ਨੂੰ 1901 ਵਿਚ 480 ਅਰਬ ਅਮਰੀਕੀ ਡਾਲਰ ਵਿਚ ਵੇਚਿਆ ਸੀ। ਇਹ ਸੰਪਤੀ ਮੌਜੂਦਾ ਦੌਰਾ ਵਿਚ 372 ਅਰਬ ਡਾਲਰ ਦੀ ਮਾਪੀ ਗਈ ਹੈ। ਕਾਰਨੇਗੀ ਨੇ ਆਪਣੀ ਬਹੁਤ ਸਾਰੀ ਸੰਪਤੀ ਦਾਨ ਕਰ ਦਿੱਤੀ ਸੀ। ਲੱਗਭੱਗ ਹਰ ਅਮਰੀਕੀ ਸ਼ਹਿ ਵਿਚ ਕਾਰਨੇਗੀ ਦੇ ਨਾਂ ਤੇ ਲਾਇਬ੍ਰੇਰੀ ਹੈ। ਇਹ ਲਾਇਬ੍ਰੇਰੀ ਕਾਰਨੇਗੀ ਵੱਲੋਂ ਦਾਨ ਕੀਤੀ ਗਈ ਸੰਪਤੀ ਨਾਲ ਬਣਾਈ ਗਈ ਹੈ।

ਬਿਲ ਗੇਟਸ
ਦੇਸ਼: ਅਮਰੀਕਾ
79.5 ਅਰਬ ਡਾਲਰ ਦੀ ਦੌਲਤ

ਬਿਲ ਗੇਟਸ ਮੌਜੂਦਾ ਦੌਰ ਵਿਚ ਦੁਨੀਆਂ ਦੇ ਸਭ ਤੋਂ ਅਮੀਰ ਇਨਸਾਨ ਹਨ। ਫੋਬਰਸ ਦੇ ਮੁਤਾਬਕ 2015 ਵਿਚ ਉਹਨਾਂ ਦੇ ਕੋਲ ਕਰੀਬ 79.5 ਅਰਬ ਡਾਲਰ ਦੀ ਸੰਪਤੀ ਸੀ। ਗੇਟਸ ਬੀਤੇ ਕਰੀਬ ਦੋ ਦਹਾਕਿਆਂ ਤੋਂ ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਬਣੇ ਹੋਏ ਹਨ। ਉਹਨਾਂ ਦੀ ਕੰਪਨੀ ਮਾਈਕ੍ਰੋਸਾਫਟ ਦੁਨੀਆਂ ਭਰ ਵਿਚ ਆਪਣੇ ਆਪਰੇਟਿੰਗ ਸਿਸਟਮ ਦੇ ਲਈ ਮਸ਼ਹੂਰ ਹਨ।

ਜਾਨ ਡੀ ਰਾਕਫੇਲਰ (ਦੇਸ਼: ਅਮਰੀਕਾ)
ਸਮਾਂ: 1839–1937, 341 ਅਰਬ ਡਾਲਰ ਦੀ ਦੌਲਤ

ਰਾਕਫੇਲਰ ਦੀ ਸਟੈਨਫੋਰਡ ਆਇਲ ਕੰਪਨੀ ਦਾ 1990 ਤੱਕ 90 ਫੀਸਦੀ ਅਮਰੀਕੀ ਉਤਪਾਦਨ 'ਤੇ ਕਬਜਾ ਹੋ ਗਿਆ ਸੀ। ਨਿ-ਊਯਾਰਕ ਟਾਈਮਜ਼ ਦੇ ਮੁਤਾਬਕ 1918 ਵਿਚ ਅਮਰੀਕਾ ਦੇ ਫੈਡਰਲ ਇਨਕਮ ਟੈਕਸ ਰਿਟਰਨ ਦੇ ਆਧਾਰ ਤੇ ਰਾਕਫੇਲਰ ਦੀ ਦੌਲਤ 1.5 ਅਰਬ ਡਾਲਰ ਮਾਪੀ ਗਈ, ਜੋ ਉਸ ਦੇਸ਼ ਦੀ ਇਕਾਨਮੀ ਦਾ ਕੁੱਲ 2 ਫੀਸਦੀ ਸੀ। ਅਮਰੀਕੀ ਇਕਾਨਮੀ ਦੇ ਮੌਜੂਦਾ ਦੌਰ ਦੇ ਸ਼ੇਅਰ ਤੋਂ ਇਹ ਰਾਸ਼ੀ 341 ਅਰਬ ਡਾਲਰ ਠਹਿਰਦੀ ਹੈ। ਉਹਨਾਂ ਨੇ 1863 ਵਿਚ ਪੈਟਰੋਲੀਅਮ ਇੰਡਸਟਰੀ ਵਿਚ ਕਦਮ ਰੱਖਿਆ ਸੀ।

ਚੰਗੇਜ ਖਾਨ
ਦੇਸ਼– ਮੰਗੋ–ਲੀਆ
ਸਮਾਂ: 1162–1227 ਈਸਵੀ
ਜ਼ਮੀਨ ਦੇ ਹੁਣ ਤੱਕ ਦੇ ਸਭ ਤੋਂ ਵੱਡੇ ਮਾਲਕ

ਚੰਗੇਜ ਖਾਂ ਇਤਿਹਾਸ ਵਿਚ ਸਭ ਤੋਂ ਵਿਸ਼ਾਲ ਸਾਮਰਾਜ ਦਾ ਸ਼ਾਸਕ ਸੀ। ਚੰਗੇਜ ਖਾਂ ਐਂਡ ਮੇਕਿੰਗ ਆਫ ਦਾ ਮਾਡਰਨ ਵਾਰਲਡ ਦੇ ਲੇਖਕ ਜੈਕ ਵੈਦਰਫੋਰਡ ਦੇ ਮੁਤਾਬਕ ਉਹਨਾਂ ਦੇ ਵਕਤ ਵਿਚ ਹਰੇਕ ਚੀਜ਼ ਦਾ ਸੈਨਿਕਾਂ ਅਤੇ ਪਰਿਵਾਰਾਂ ਵਿਚ ਵੰਡ ਹੁੰਦਾ ਸੀ।

ਦੁਨੀਆ ਦੀਆਂ ਸਭ ਤੋਂ ਖਤਰਨਾਕ ਨੌਕਰੀਆਂ

ਦੁਨੀਆਂ ਭਰ ਵਿਚ ਜ਼ਿਆਦਾਤਰ ਲੋਕ ਨੌਕਰੀ ਕਰਦੇ ਹਨ, ਤਾਂ ਜੋ ਆਪਣਾ ਪਾਲਣ ਪੋਸ਼ਣ ਵਧੀਆ ਚੱਲ ਸਕੇ। ਇਹਨਾਂ ਵਿਚੋਂ ਕੁਝ ਕੰਮ ਬਿਹਤਰ ਹੁੰਦੇ ਹਨ ਅਤੇ ਕੁਝ ਬੇਹੱਦ ਹੀ ਰਿਸਕੀ ਹੁੰਦੇ ਹਨ। ਦਾ ਰਿਚੈਸਟ ਡਾਟ ਕਾਮ ਨੇ ਹਾਲ ਹੀ ਵਿਚ ਅਜਿਹੇ 7 ਖਤਰਨਾਕ ਕੰਮਾਂ ਦੀ ਲਿਸਟ ਤਿਆਰ ਕੀਤੀ ਹੈ।

ਸਰਕਸ ਪਰਫਾਰਮਰ

ਸ਼ੇਰ, ਚੀਤਾ ਵਰਗੇ ਜਾਨਵਰਾਂ ਨੂੰ ਦੁਨੀਆਂ ਵਿਚ ਸਭ ਤੋਂ ਖਤਰਨਾਕ ਮੰਨਿਆ ਜਾਂਦਾ ਹੈ। ਬਾਵਜੂਦ ਇਸਦੇ, ਸਰਕਸ ਵਿਚ ਕੰਮ ਕਰਨ ਵਾਲੇ ਲੋਕ ਬੇਖੌਫ ਹੋ ਕੇ ਇਹਨਾਂ ਜਾਨਵਰਾਂ ਦੇ ਨਾਲ ਸਟੰਟ ਕਰਦੇ ਹਨ। ਹਾਲਾਂਕਿ ਕਈ ਵਾਰ ਇਸਦੇ ਚੱਕਰ ਵਿਚ ਉਹਨਾਂ ਨੂੰ ਜਾਨ ਵੀ ਗੁਆਉਣੀ ਪੈਂਦੀ ਹੈ। ਇੰਨਾ ਹੀ ਨਹੀਂ, ਸਰਕਸ ਦੇ ਅੰਦਰ ਅੱਖ ਬੰਨ੍ਹ ਕੇ ਲੜਕੀ ਦੇ ਉਪਰ ਚਾਕੂ ਸੁੱਟਣ ਦਾ ਸਟੰਟ ਵੀ ਖਤਰਨਾਕ ਹੁੰਦਾ ਹੈ। ਇਕ ਭੁੱਲ ਨਾਲ ਲੜਕੀ ਦੀ ਜਾਨ ਵੀ ਜਾ ਸਕਦੀ ਹੈ। ਇਸ ਤੋਂ ਇਲਾਵਾ ਲੋਕਾਂ ਦੇ ਮਨੋਰੰਜਨ ਦੇ ਲਈ ਸਰਕਸ ਵਿਚ ਕਈ ਦੂਜੇ ਖਤਰਨਾਕ ਸਟੰਟ ਨੂੰ ਵੀ ਕਰਨਾ ਪੈਂਦਾ ਹੈ।

ਸਟੰਟ ਮੈਨ

ਅਕਸਰ ਫਿਲਮਾਂ ਵਿਚ ਸੁਪਰ ਸਟਾਰ ਉਚੀਆਂ-ਉਚੀਆਂ ਇਮਾਰਤਾਂ ਤੇ ਛਾਲਾਂ ਮਾਰਦੇ ਦਿਖਾਈ ਦਿੰਦੇ ਹਨ, ਪਰ ਅਸਲ ਵਿਚ ਇਹ ਕੰਮ ਉਹਨਾਂ ਸਟਾਰਾਂ ਦੀ ਥਾਂ ਤੇ ਸਟੰਟ-ਮੈਨ ਕਰਦੇ ਹਨ। ਇਹ ਸਟੰਟ ਮੈਨ ਆਪਣੀ ਜਾਨ ਤੇ ਖੇਡ ਕੇ ਖਤਰਨਾਕ ਸ਼ਾਟਸ ਦਿੰਦੇ ਹਨ।

ਐਨੀਮਲ ਟ੍ਰੇਨਰ

ਕਈ ਲੋਕ ਜਾਨਵਰਾਂ ਨੂੰ ਟਰੇਨਿੰਗ ਦੇਣ ਦਾ ਕੰਮ ਕਰਦੇ ਹਨ। ਪਰ ਇਸ ਕਿਸਮ ਦੀ ਨੌਕਰੀ ਬੇਹੱਦ ਹੀ ਖਤਰਨਾਕ ਹੁੰਦੀ ਹੈ। ਜੇਕਰ ਕੋਈ ਜਾਨਵਰ ਕੰਟਰੋਲ ਵਿਚ ਨਹੀਂ ਆ ਸਕਿਆ ਤਾਂ ਟ੍ਰੇਨਰ ਦੀ ਜਾਨ ਵੀ ਜਾ ਸਕਦੀ ਹੈ।

ਬਿਲਡਿੰਗ ਦੇ ਸਫਾਈ ਕਰਮਚਾਰੀ

ਉਚੀਆਂ-ਉਚੀਆਂ ਬਿਲਡਿੰਗਾਂ ਦੇ ਸ਼ੀਸ਼ਿਆਂ ਦੀ ਸਫਾਈ ਕਰਨ ਦਾ ਕੰਮ ਵੀ ਬੇਹੱਦ ਖਤਰਨਾਕ ਮੰਨਿਆ ਜਾਂਦਾ ਹੈ। ਲੋਕ ਰੱਸੀ ਦੇ ਸਹਾਰੇ ਉਚੀਆਂ ਇਮਾਰਤਾਂ 'ਤੇ ਚੜ੍ਹ ਕੇ ਖਿੜਕੀਆਂ ਦੇ ਸ਼ੀਸ਼ੇ ਸਾਫ ਕਰਦੇ ਹਨ ਪਰ ਇਕ ਛੋਟੀ ਜਿਹੀ ਭੁੱਲ ਨਾਲ ਉਹਨਾਂ ਦੀ ਜਾਨ ਵੀ ਜਾ ਸਕਦੀ ਹੈ।

ਸਲਫਰ ਮਾਈਨਰ

ਸਲਫਰ ਦੀਆਂ ਖਾਣਾਂ ਵਿਚ ਕੰਮ ਕਰਨ ਵਾਲਿਆਂ ਦੀ ਨੌਕਰੀ ਵੀ ਦੁਨੀਂ ਦੇ 7 ਸਭ ਤੋਂ ਖਤਰਨਾਕ ਕੰਮਾਂ ਵਿਚ ਸ਼ਾਮਲ ਕੀਤੀ ਜਾਂਦੀ ਹੈ। ਇਸ ਨੌਕਰੀ ਨਾਲ ਜੁੜੇ ਲੋਕਾਂ ਨੂੰ ਖਾਣਾਂ ਦੇ ਅੰਦਰ ਜਾ ਕੇ ਕੰਮ ਕਰਨਾ ਪੈਂਦਾ ਹੈ, ਜਿੱਥੇ ਉਹਨਾਂ ਨੂੰ ਸਾਹ ਲੈਣ ਵਿਚ ਦਿੱਕਤ ਹੁੰਦੀ ਹੈ। ਉਥੇ ਮਸ਼ੀਨਾਂ ਤੋਂ ਵੀ ਖਤਰਾ ਬਣਿਆ ਰਹਿੰਦਾ ਹੈ। ਪਿਛਲੇ 40 ਸਾਲਾਂ ਵਿਚ 80 ਲੋਕਾਂ ਦੀ ਮੌਤ ਹੋ ਚੁੱਕੀ ਹੈ।

ਐਨਟੀਨਾ ਇੰਸਟਾਲਰ

ਟੀ. ਵੀ. ਦੇ ਲਈ ਡਿਸ਼ ਐਨਟੀਨਾ ਇੰਸਟਾਲ ਕਰਨ ਵਾਲਿਆਂ ਦੀ ਨੌਕਰੀ ਵੀ ਖਤਰਨਾਕ ਮੰਨੀ ਜਾਂਦੀ ਹੈ। ਇਹਨਾਂ ਨੂੰ ਛੱਤਾਂ 'ਤੇ ਚੜ੍ਹ ਕੇ ਐਨਟੀਨਾ ਜਾਂ ਡਿਸ਼ ਨੂੰ ਸਹੀ ਕਰਨਾ ਪੈਂਦਾ ਹੈ। ਇਸ ਚੱਕਰ ਵਿਚ ਜੇਕਰ ਜ਼ਰਾ ਵੀ ਭੁੱਲ ਹੋਈ ਤਾਂ ਉਹ ਸਿੱਧੇ ਹੇਠਾਂ ਡਿੱਗ ਸਕਦੇ ਹਨ। ਬਾਵਜੂਦ ਇਸਦੇ ਲੋਕ ਇਸ ਕਿਸਮ ਦੇ ਕੰਮ ਕਰਦੇ ਹਨ।

ਬਾਊਂਟੀ ਹੰਟਰਸ

ਦੁਨੀਆਂ ਵਿਚ ਕਈ ਅਜਿਹੇ ਲੋਕ ਵੀ ਹਨ, ਜੋ ਇਨਾਮੀ ਅਪਰਾਧੀਆਂ ਨੂੰ ਪਕੜਵਾਉਣ ਦਾ ਕੰਮ ਕਰਦੇ ਹਨ। ਇਸ ਦੇ ਬਦਲੇ ਉਹ ਇਨਾਮੀ ਰਾਸ਼ੀ ਪ੍ਰਾਪਤ ਕਰਦੇ ਹਨ ਪਰ ਉਹਨਾਂ ਦੀ ਜਾਨ ਨੂੰ ਵੀ ਖਤਰਾ ਬਣਿਆ ਰਹਿੰਦਾ ਹੈ। ਦਰਅਸਲ ਇਨਾਮ ਦੇ ਚੱਕਰ ਵਿਚ ਉਹ ਵੱਡੇ ਤੋਂ ਵੱਡੇ ਅਪਰਾਧੀਆਂ ਨੂੰ ਆਪਣਾ ਦੁਸ਼ਮਣ ਬਣਾ ਲੈਂਦੇ ਹਨ।

ਕੋਈ ਵੀ ਟਰੱਕਰ ਆਪਣੀ ਕਿਸੇ ਵੀ ਕਿਸਮ ਦੀ ਸਮੱਸਿਆ ਸਬੰਧੀ ਸਾਨੂੰ ਲਿਖ ਕੇ ਭੇਜੇ, ਅਸੀਂ ਉਸ ਦੇ ਵਿਚਾਰ ਇੱਥੇ ਛਾਪਾਂਗੇ।

530-751-2030

American Tire Service

ਨਵੇਂ ਟਾਇਰ ਪੁਆਉਣ ਲਈ ਜਾਂ ਟਰੱਕਾਂ ਦੇ ਇੰਜਣ ਜਾਂ ਕੋਈ ਵੀ ਕੰਮ ਕਰਾਉਣ ਲਈ ਹਾਈਵੇ 5 ਤੇ French Camp Exit 467 ਤੇ ਹੀ ਇਕ ਵਾਰ ਜ਼ਰੂਰ ਦਰਸ਼ਨ ਦਿਓ।
ਰਾਜ ਬਾਸੀ ਨਾਲ ਸੰਪਰਕ ਕਰੋ: 209-982-1302

ਟਰੱਕਾਂ ਦੇ ਕੰਮ ਵਾਸਤੇ ਫਰਿਜ਼ਨੋ 'ਚ ਸੁਖਜਿੰਦਰ ਸਿੰਘ ਨੂੰ ਕਾਲ ਕਰੋ
559-897-2323

VIRSA CAPITAL
Commercial Truck & Trailer Loans
www.VirsaCapital.com
Bikram Singh
Loan Broker
Bikram@VirsaCapital.com
Info@virsacapital.com
916-798-0150 (Cell)
209-390-8984 (Fax)
844-847-7222

KANG TRANSPORT
Kang Transport LLC
3391 Industrial Drive
Yuba City, CA 95993
Cell
530-682-0781
Kangtransport@gmail.com

Truck Owner operator ਚਾਹੀਦੇ ਹਨ
Call (Legacy Caniev) Kash Hira
530-713-2857

18 WHEELER TRUCK DRIVING SCHOOL
CALL FOR INFORMATION
530-923-2176 530-870-3204

HSD TRUCKING INC
HIGH SPEED DELIVERY
Paul Singh
President
697 N. Palora Ave., Ste. C
Yuba City, CA 95991
Ph (530) 777-3069
Cell (530) 682-1500
Fax (530) 755-4747

ALIEN TRANSPORT LLC YUBA CITY
ਨੂੰ ਟਰੱਕ ਡਰਾਈਵਰਾਂ ਦੀ ਲੋੜ
ਟਰੱਕ ਡਰਾਈਵਰ ਵੀਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਾਨੂੰ long haul ਲਈ ਟਰੱਕ ਡਰਾਈਵਰਾਂ ਦੀ ਲੋੜ ਹੈ ਜੋ Midwest, Detroit, Michigan ਤੱਕ ਜਾ ਸਕਦੇ ਹੋਣ।
ਚੰਗੀ ਕਮਾਈ ਅਤੇ 38 ਸੈਂਟ ਪ੍ਰਤੀ ਮਾਈਲ ਲੈਣ ਦੇ ਲਈ ਅਵਤਾਰ ਸਿੰਘ ਸਹੋਤਾ (ਤਾਰੀ ਸਹੋਤਾ) ਨਾਲ ਸੰਪਰਕ ਕਰੋ:
800-596-6407

UNITED Transport Inc.
ਤੁਸੀਂ ਕੋਈ ਵੀ ਟਰੱਕ ਟਰੇਲਰ ਖਰੀਦਣਾ ਹੋਵੇ ਤਾਂ ਇਕ ਵਾਰ ਫੋਨ ਕਰਕੇ ਗੱਲਬਾਤ ਕਰੋ, ਤੁਹਾਨੂੰ ਵਧੀਆ ਤੋਂ ਵਧੀਆ ਡੀਲ ਬਣਾ ਕੇ ਦੇਣਗੇ

Kulvinder Jande Vice President
3936 Railroad Ave. Yuba City, CA 95991
530- 434-6970 (Phone)
530-777-3171 (Fax
unitedinc48@gmail.com

ਰਾਜਵੀਰ ਸੈਣੀ
Workshop and Truck Co
Shop: Yuba City Truck & Trailer Repair
United Truck Co.
530-237-6773

ਇਹਨਾਂ ਏਅਰ ਹੋਸਟੈਸ ਨੇ ਬਦਲਿਆ ਆਪਣਾ ਜੀਵਨ

ਏਅਰ ਹੋਸਟੈਸ ਦੇ ਪ੍ਰੋਫੈਸ਼ਨ ਨੂੰ ਹਮੇਸ਼ਾ ਫੈਸ਼ਨ ਅਤੇ ਗਲੈਮਰ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਇਸ ਜੌਬ ਦੌਰਾਨ ਉਹਨਾਂ ਨੂੰ ਕਇ. ਵਾਰ ਆਪਣੇ ਲਾਈਫ ਪਾਰਟਨਰ ਮਿਲ ਜਾਂਦੇ ਹਨ ਤਾਂ ਕਿਸੇ ਨੂੰ ਬਾਲੀਵੁੱਡ ਅਤੇ ਟੀ. ਵੀ. ਵਿਚ ਕੈਰੀਅਰ ਬਣਾਉਣ ਦਾ ਮੌਕਾ ਮਿਲ ਜਾਂਦਾ ਹੈ।

ਏਅਰ ਹੋਸਟੈਸ ਦੇ ਪ੍ਰੋਫੈਸ਼ਨ ਨੂੰ ਕਾਫੀ ਚੁਣੌਤੀਪੂਰਨ ਮੰਨਿਆ ਜਾਂਦਾ ਹੈ ਪਰ ਇਸਦੇ ਨਾਲ ਹੀ ਇਸਨੂੰ ਹਮੇਸ਼ਾ ਫੈਸ਼ਨ ਅਤੇ ਗਲੈਮਰ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਏਅਰ ਹੋਸਟੈਸ ਜਾਂ ਫਲਾਈਟ ਅਟੈਂਡੈਂਟਸ ਦੀ ਸਿਲੈਕਸ਼ਨ ਦੇ ਲਈ ਏਅਰ ਲਾਇਨਜ਼ ਕੰਪਨੀਆਂ ਵਿਸ਼ੇਸ਼ ਧਿਆਨ ਰੱਖਦੀਆਂ ਹਨ। ਇਹ ਏਅਰ ਲਾਈਨਜ਼ ਕੰਪਨੀ ਨੂੰ ਰੀਪ੍ਰਜੈਂਟ ਕਰਦੀਆਂ ਹਨ, ਇਸ ਕਰਕੇ ਇਹਨਾਂ ਦੀ ਸਿਲੈਕਸ਼ਨ ਵਿਚ ਹਾਈਟ ਅਤੇ ਫਿੱਗਰ ਦੇ ਨਾਲ ਨਾਲ ਇਹਨਾਂ ਦੀ ਸਮਾਈਲ ਤੇ ਵੀ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਏਅਰ ਹੋਸਟੈਸ ਨੂੰ ਆਪਣੀ ਲੁਕ ਦਾ ਵੀ ਖਾਸ ਧਿਆਨ ਰੱਖਣਾ ਹੁੰਦਾ ਹੈ। ਇਹਨਾਂ ਦੇ ਲਈ ਜ਼ਰੂਰੀ ਹੈ ਕਿ ਵਜਨ ਨਾ ਵਧੇ, ਚਿਹਰੇ ਤੇ ਦਾਗ-ਧੱਬੇ ਜਾਂ ਰਿੰਕਲ ਨਹੀਂ ਹੋਣੇ ਚਾਹੀਦੇ। ਲੰਮੀ ਦੂਰੀ ਦੀ ਯਾਤਰਾ ਦੌਰਾਨ ਏਅਰ ਹੋਸਟੈਸ ਨੂੰ ਵੀ ਕਾਫੀ ਲੰਮੀ ਸ਼ਿਫਟ ਕਰਨੀ ਪੈਂਦੀ ਹੈ। ਅਟੈਂਡੈਂਟਸ ਨੂੰ ਨੀਂਦ ਦੀ ਕਮੀ ਅਤੇ ਕਈ ਕਈ ਦਿਨਾਂ ਤੱਕ ਘਰ ਤੋਂ ਦੂਰ ਰਹਿਣਾ ਪੈਂਦਾ ਹੈ।

ਕਿਵੇਂ ਚਲਦੀ ਹੈ ਅਕਾਂਕਸ਼ਾ ਦੀ ਪੂਰੀ ਲਾਈਫ

ਅਕਾਂਕਸ਼ਾ ਦਾ ਜਨਮ 26 ਜੁਲਾਈ 1985 ਨੂੰ ਮੱਧ ਪ੍ਰਦੇਸ਼ ਦੇ ਇੰਦੌਰ ਵਿਚ ਹੋਇਆ। ਇੰਦੌਰ ਵਿਚ ਜਨਮੀ ਅਕਾਂਕਸ਼ਾ ਆਪਣੀ ਪੜ੍ਹਾਈ ਪੂਰੀ ਕਰਨ ਦੇ ਲਈ ਭੋਪਾਲ ਸ਼ਿਫਟ ਹੋ ਗਈ ਸੀ। ਟ੍ਰੇਨਿੰਗ ਤੋਂ ਬਾਅਦ ਅਕਾਂਕਸ਼ਾ ਏਅਰ ਹੋਸਟੈਸ ਦੇ ਲਈ ਚੁਣੀ ਗਇ. ਅਤੇ ਬੰਗਲੌਰ ਸ਼ਿਫਟ ਹੋ ਗਈ। ਇਕ ਫਲਾਇ.ਟ ਦੌਰਾਨ ਉਹਨਾਂ ਨੂੰ ਪਹਿਲੀ ਵਾਰ ਮਾਡਲਿੰਗ ਕਰਨ ਦੀ ਸਲਾਹ ਦਿੱਤੀ ਗਈ, ਜਿਸ ਤੋਂ ਬਾਅਦ ਉਹਨਾਂ ਨੇ ਗਲੈਮਰ ਦੀ ਦੁਨੀਆਂ ਵਿਚ ਕਦਮ ਰੱਖਿਆ।

ਮੁੰਬਈ ਸ਼ਿਫਟ ਹੋਣ ਤੋਂ ਬਾਅਦ ਉਹਨਾਂ ਨੇ ਸਾਊਥ ਦੀਆਂ ਕਈ ਫਿਲਮਾਂ ਕੀਤੀਆਂ ਅਤੇ ਇਸ ਤੋਂ ਬਾਅਦ ਮਧੁਰ ਭੰਡਾਰਕਰ ਦੀ ਫਿਲਮ ਕੈਲੇਂਡਰ ਗਰਲਸ ਵਿਚ ਵੀ ਕੰਮ ਕੀਤਾ।

ਹਿਨਾ ਖਾਨ

ਹਿਨਾ ਨੇ ਆਪਣੀ ਗ੍ਰੈਜੂਏਬਨ ਤੋਂ ਬਾਅਦ ਏਅਰ ਹੋਸਟੈਸ ਦੀ 6 ਮਹੀਨੇ ਦੀ ਟੇਨਿੰਗ ਕੀਤੀ ਪਰ ਮਲੇਰੀਆ ਹੋਣ ਦੇ ਕਾਰਨ ਉਹ ਅੱਗੇ ਦਾ ਪ੍ਰੋਗਰਾਮ ਨਹੀਂ ਕਰ ਸਕੀ। ਟ੍ਰੇਨਿੰਗ ਦੌਰਾਨ ਹੀ ਉਹਨਾਂ ਦੇ ਇਕ ਦੋਸਤ ਨੇ 'ਯੇ ਰਿਸ਼ਤਾ ਕਿਹਾ ਕਹਿਲਾਤਾ ਹੈ' ਦੇ ਆਡੀਸ਼ਨ ਬਾਰੇ ਦੱਸਿਆ। ਹਿਨਾ ਬਿਨਾਂ ਮਨ ਦੇ ਆਡੀਸ਼ਨ ਦੇਣ ਗਇ ਅਤੇ ਉਸਦਾ ਸਿਲੈਕਸ਼ਨ ਹੋ ਗਿਆ।

ਨੇਹਾ ਸਕਸੈਨਾ

ਨੇਹਾ ਸਕਸੈਨਾ ਦਾ ਜਨਮ 24 ਅਪ੍ਰੈਲ 1990 ਨੂੰ ਉਤਰ ਪ੍ਰਦੇਸ਼ ਦੇ ਆਗਰਾ ਵਿਚ ਹੋਇਆ। ਐਵੀਏਸ਼ਨ ਵਿਚ ਡਿਪਲੋਮਾ ਕਰਨ ਤੋਂ ਬਾਅਦ ਨੇਹਾ ਨੇ ਏਅਰ ਇੰਡੀਆ ਵਿਚ ਏਅਰ ਹੋਸਟੈਸ ਦੇ ਰੂਪ ਵਿਚ ਕੰਮ ਕਰਨਾ ਆਰੰਭ ਕੀਤਾ। ਇਕ ਫਲਾਈਟ ਵਿਚ ਉਹਨਾਂ ਦੀ ਮੁਲਾਕਾਤ ਪ੍ਰੋਡਿਊਸਰ ਸ਼ਸ਼ੀ ਮਿੱਤਲ ਨਾਲ ਹੋਈ ਅਤੇ ਉਹਨਾਂ ਨੂੰ ਆਡੀਸ਼ਨ ਦੇਣ ਲਈ ਕਿਹਾ। ਆਡੀਸ਼ਨ ਤੋਂ ਬਾਅਦ ਇਹਨਾਂ ਦੀ ਸਿਲੈਕਸ਼ਨ ਹੋ ਗਈ ਅਤੇ ਉਹਨਾਂ ਨੇ 'ਸਜਨ ਘਰ ਜਾਨਾ ਹੈ' ਤੋਂ ਟੀ. ਵੀ. ਕੈਰੀਅਰ ਦੀ ਸ਼ੁਰੂ-ਆਤ ਕੀਤੀ।

ਮੱਲਿਕਾ ਸ਼ੇਰਾਵਤ

ਫਿਲਮਾਂ ਵਿਚ ਆਉਣ ਤੋਂ ਪਹਿਲਾਂ ਮੱਲਿਕਾ ਸ਼ੇਰਾਵਤ ਏਅਰ ਰਿਲੇਸ਼ਨਸ਼ਿਪ ਦੇ ਪੋਸਟ ਤੇ ਕੰਮ ਕਰਦੀ ਸੀ। ਉਹਨਾਂ ਨੇ ਇਸ ਪੋਸਟ ਤੇ ਕੰਮ ਕਰਦੇ ਹੋਏ ਜੈਟ ਏਅਰਵੇਜ਼ ਦੇ ਫਲਾਈਟ ਕੈਪਟਨ ਕਰਨ ਸਿੰਘ ਗਿੱਲ ਨਾਲ ਵਿਆਹ ਕਰ ਲਿਆ ਸੀ। ਹਾਲਾਂਕਿ ਬਾਅਦ ਵਿਚ ਉਹਨਾਂ ਨੇ ਤਲਾਕ ਲੈ ਲਿਆ ਸੀ। ਇਸ ਤੋਂ ਬਾਅਦ ਉਹਨਾਂ ਨੇ ਏਅਰ ਹੋਸਟੈਸ ਦੀ ਨੌਕਰੀ ਛੱਡ ਕੇ ਮਾਡਲਿੰਗ ਅਤੇ ਐਡ ਫਿਲਮਾਂ ਵਿਚ ਕੰਮ ਕਰਨਾ ਆਰੰਭ ਕੀਤਾ।

ਪਰਮੇਸ਼ਵਰ ਗੋਦਰੇਜ

75 ਹਜ਼ਾਰ ਕਰੋੜ ਦੇ ਗੋਦਰੇਜ ਗਰੁੱਪ ਦੇ ਮਾਲਕ ਆਦਿ ਗੋਦਰੇਜ ਦੀ ਪਤਨੀ ਪਰਮੇਸ਼ਰ ਗੋਦਰੇਜ ਕਦੀ ਏਅਰ ਹੋਸਟੈਸ ਹੋਇਆ ਕਰਦੀ ਸੀ। ਦੋਵਾਂ ਦੀ ਮੁਲਾਕਾਤ ਇਕ ਫਲਾਈਟ ਵਿਚ ਹੋਈ ਸੀ ਅਤੇ ਬਾਅਦ ਵਿਚ ਇਹਨਾਂ ਨੇ ਵਿਆਹ ਕਰ ਲਿਆ। ਪਰਮੇਸ਼ਰ ਇਕ ਫੈਸ਼ਨ ਡਿਜ਼ਾਇਨਰ ਵੀ ਹੈ ਅਤੇ 1975 ਵਿਚ ਆਈ ਫਿਲਮ ਧਰਮਾਤਮਾ ਵਿਚ ਹੇਮਾ ਮਾਲਿਨੀ ਦੇ ਕਾਸਟਿਊਮ ਇਹਨਾਂ ਨੇ ਹੀ ਡਿਜ਼ਾਇਨ ਕੀਤੇ ਸਨ।

ਸੁਨੀਤਾ ਗੋਵਾਰੀਕਰ

ਲਗਾਨ ਅਤੇ ਜੋਧਾ ਅਕਬਰ ਵਰਗੀਆਂ ਫਿਲਮਾਂ ਬਣਾ ਚੁੱਕੇ ਆਸ਼ੁਤੋਸ਼ ਗੋਵਾਰੀਕਰ ਨੂੰ ਵੀ ਫਲਾਈਟ ਦੇ ਅੰਦਰ ਏਅਰ ਹੋਸਟੈਸ ਨਾਲ ਪਿਆਰ ਹੋਇਆ ਸੀ। ਆਸ਼ੁਤੋਸ਼ ਦੀ ਪਤਨੀ ਸੁਨੀਤਾ ਏਅਰ ਹੋਸਟੈਸ ਹੋਣ ਦੇ ਨਾਲ-ਨਾਲ ਮਾਡਲ ਵੀ ਸੀ।

ਮੌਰੀਨ ਵਾਡੀਆ

ਮੌਰੀਨ ਵਾਡੀਆ ਇਕ ਫੈਸ਼ਨ ਮੈਗਜ਼ੀਨ ਗਲੈਡਰੇਂਗਸ ਦੀ ਮਾਲਕਣ ਹੈ, ਜਿਹਨਾਂ ਨੇ ਮੈਨਹੰਟ ਕੌਨਸੈਂਟ ਅਤੇ ਗਲੈਡਰੈਂਗਸ ਮੈਗਾ ਮਾਡਲ ਵਰਗੀਆ ਕੰਪੀਟੀਸ਼ੀਅਸ ਦੀ ਸ਼ੁਰੂਆਤ ਕੀਤੀ। ਇਸ ਤੋਂ ਪਹਿਲਾਂ ਉਹ ਏਅਰ ਹੋਸਟੈਸ ਹੋਇਆ ਕਰਦੀ ਸੀ। ਫਲਾਈਟ ਵਿਚ ਉਹਨਾਂ ਦੀ ਮੁਲਾਕਾਤ ਬਿਜਨਸ ਟਾਈਕੂਨ ਨੁਸਲੀ ਵਾਡੀਆ ਨਾਲ ਹੋਈ ਅਤੇ ਬਾਅਦ ਵਿਚ ਦੋਵਾਂ ਨੇ ਵਿਆਹ ਕਰ ਲਿਆ।

ਸਮੀਰਾ ਮਾਲਿਆ

ਵਿਜੈ ਮਾਲਿਆ ਨੇ ਦੋ ਵਿਆਹ ਕੀਤੇ ਹਨ। ਉਹਨਾਂ ਦੀ ਪਹਿਲੀ ਪਤਨੀ ਦਾ ਨਾਂ ਸਮੀਰਾ ਮਾਲਿਆ ਹੈ, ਜੋ ਕਿ ਉਸ ਵਕਤ ਏਅਰ ਇੰਡੀਆ ਏਅਰਲਾਈਨਜ਼ ਦੀ ਏਅਰ ਹੋਸਟੈਸ ਸੀ। ਸਿਧਾਰਥ ਮਾਲਿਆ, ਸਮੀਰਾ ਅਤੇ ਵਿਜੇ ਮਾਲਿਆ ਦੀ ਹੀ ਸੰਤਾਨ ਹੈ। ਸਮੀਰਾ ਤੋਂ ਬਾਅਦ ਮਾਲਿਆ ਨੇ ਬੰਗਲੌਰ ਵਿਚ ਆਪਣੀ ਹੀ ਪੜੌਸੀ ਰੇਖਾ ਨਾਲ ਵਿਆਹ ਕਰਵਾ ਲਿਆ।

ਵਰਿੰਦਾ ਕਰਾਤ

ਵਰਿੰਦਾ ਕਰਾਤ ਦਾ ਜਨਮ ਕਲਕੱਤਾ ਵਿਚ ਹੋਇਆ ਸੀ। ਇਹਨਾਂ ਨੇ ਦੇਹਰਾਦੂਨ ਦੇ ਵਿਲਹਮ ਗਰਲਜ਼ ਸਕੂਲ ਤੋਂ ਸ਼ੁਰੂਆਤੀ ਪੜ੍ਹਾਈ ਕੀਤੀ ਅਤੇ 16 ਸਾਲ ਦੀ ਉਮਰ ਵਿਚ ਡਿਪਲੋਮਾ ਕਰਨ ਲਈ ਦਿੱਲੀ ਯੂਨੀਵਰਸਿਟੀ ਦੇ ਮਿਰਾਂਡਾ ਹਾਊਸ ਕਾਲਜ ਵਿਚ ਦਾਖਲਾ ਲਿਆ। ਇਸ ਤੋਂ ਬਾਅਦ 1971 ਵਿਚ ਹਿਸਟਰੀ ਵਿਚ ਗ੍ਰੈਜੂਏਬਨ ਦੀ ਪੜ੍ਹਾਈ ਕਰਨ ਲਈ ਦੇਹਰਾਦੂਨ ਯੂਨੀਵਰਸਿਟੀ ਵਿਚ ਦਾਖਲਾ ਲਿਆ। ਵਰਿੰਦਾ 1967 ਵਿਚ ਲੰਡਨ ਚਲੀ ਗਈ, ਜਿੱਥੇ ਉਹਨਾਂ ਨੇ ਚਾਰ ਸਾਲਾਂ ਤੱਕ ਏਅਰ ਇੰਡੀਆ ਨਾਲ ਕੰਮ ਕੀਤਾ। ਇਸ ਦੌਰਾਨ ਉਹਨਾ ਨੇ ਫਲਾਈਟ ਅਟੈਡੈਂਟ ਤੇ ਸਕਰਟ ਪਾਉਣ ਲਈ ਪਾਏ ਜਾਣ ਵਾਲੇ ਦਬਾਅ ਦੇ ਖਿਲਾਫ ਸੰਘਰਸ਼ ਕੀਤਾ ਅਤੇ ਇਸ ਤਰ੍ਹਾਂ ਉਹਨਾਂ ਦੇ ਰਾਜਨੀਤਿਕ ਕੈਰੀਅਰ ਦੀ ਸ਼ੁਰੂਆਤ ਹੋਈ। ਹੁਣ ਉਹ ਭਾਰਤੀ ਕਮਿਊਨਿਸਟ ਪਾਰਟੀ ਦੀ ਲੀਡਰ ਹੈ।

ਇੱਥੇ ਪਤੀ ਦੀ ਮੌਤ ਤੇ ਪਤਨੀ ਨਹੀਂ ਕਰਦੀ ਸ਼ੋਕ, ਭਰਾਵਾਂ ਨਾਲ ਵਿਆਹ ਦਾ ਰਿਵਾਜ

ਹਿਮਾਚਲ ਪ੍ਰਦੇਸ਼ ਦੀ ਖੂਬਸੂਰਤੀ ਦਾ ਹਰ ਕੋਈ ਕਾਇਲ ਹੈ। ਇਸ ਸੂਬੇ ਨੂੰ ਪਹਾੜਾਂ ਦੀ ਰਾਣੀ ਵੀ ਕਿਹਾ ਜਾਂਦਾ ਹੈ। ਇੱਥੇ ਅੱਜ ਵੀ ਕਈ ਅਜਿਹੇ ਰਿਵਾਜ ਹਨ ਜੋ ਹਜ਼ਾਰਾਂ ਸਾਲਾਂ ਤੋਂ ਚੱਲੇ ਆ ਰਹੇ ਹਨ। ਇਹਨਾਂ ਵਿਚੋਂ ਇਕ ਹੈ ਕਿਨੌਰ ਦੇ ਲੋਕਾਂ ਦਾ ਵਿਆਹ ਦਾ ਰਿਵਾਜ। ਦਰਅਸਲ ਇੱਥੋਂ ਦੇ ਪਰਿਵਾਰਾਂ ਵਿਚ ਔਰਤਾਂ ਦੇ ਕਈ ਪਤੀ ਹੁੰਦ ਹਨ। ਸਾਰੇ ਪਤੀ ਰਿਸ਼ਤੇ ਵਿਚ ਭਰਾ ਹੁੰਦੇ ਹਨ। ਸਭ ਤੋਂ ਖਾਸ ਗੱਲ ਇਹ ਹੈ ਕਿ ਕਿਸੇ ਇਕ ਪਤੀ ਦੀ ਮੌਤ ਤੋਂ ਬਾਅਦ ਪਤਨੀ ਸ਼ੋਕ ਨਹੀਂ ਮਨਾਉਂਦੀ। ਔਰਤ ਜੇਕਰ ਕਮਰੇ ਵਿਚ ਪਤੀ ਦੇ ਨਾਲ ਹੋਵੇ ਤਾਂ ਪਤੀ ਆਪਣੀ ਟੋਪੀ ਬਾਹਰ ਰੱਖ ਦਿੰਦਾ ਹੈ। ਟੋਪੀ ਦੇਖ ਕੇ ਔਰਤ ਦੇ ਦੂਜੇ ਪਤੀ ਅੰਦਰ ਨਹੀਂ ਆਉਂਦੇ। ਉਹਨਾਂ ਨੂੰ ਪਤਾ ਲੱਗ ਜਾਂਦਾ ਹੈ ਕਿ ਉਹਨਾਂ ਦੀ ਪਤਨੀ ਦੇ ਨਾਲ ਇਸ ਵਕਤ ਭਰਾ ਰਹਿ ਰਿਹਾ ਹੈ। ਇਸ ਤੋਂ ਇਲਾਵਾ ਸਾਰੇ ਭਰਾਵਾਂ ਨੂੰ ਛੇ-ਛੇ ਮਹੀਨੇ ਜਾਂ ਇਕ ਸਾਲ ਔਰਤ ਦੇ ਨਾਲ ਗੁਜ਼ਾਰਨ ਦਾ ਮੌਕਾ ਦਿੱਤਾ ਜਾਂਦਾ ਹੈ। ਸਾਰੇ ਪੁਰਸ਼ ਆਪਣੀ ਸੰਤਾਨ ਪੈਦਾ ਕਰ ਸਕਦੇ ਹਨ। ਕਿਨੌਰ ਵਿਚ ਔਰਤ ਘਰ ਦੀ ਮੁਖੀ ਹੁੰਦੀ ਹੈ। ਇਹਨਾਂ ਦਾ ਕੰਮ ਆਪਣੇ ਪਤੀ ਅਤੇ ਬੱਚਿਆਂ ਦੀ ਦੇਖਭਾਲ ਕਰਨਾ ਹੁੰਦਾ ਹੈ। ਬਾਹਰਲੇ ਕੰਮ ਵੀ ਕਈ ਵਾਰ ਔਰਤਾਂ ਕਰਦੀਆਂ ਹਨ, ਨਾਲ ਹੀ ਫੈਸਲਾ ਲੈਣ ਦੀ ਵੀ ਉਹਨਾਂ ਨੂੰ ਪੂਰੀ ਆਜ਼ਾਦੀ ਹੈ। ਪਰਿਵਾਰ ਦੀ ਸਭ ਤੋਂ ਵੱਡੀ ਔਰਤ ਨੂੰ ਗੋਇਨਾ ਕਿਹਾ ਜਾਂਦਾ ਹੈ। ਔਰਤ ਦੇ ਸਭ ਤੋਂ ਵੱਡੇ ਪਤੀ ਨੂੰ ਗੋਤੇਂਸ ਕਹਿੰਦੇ ਹਨ। ਇੱਥੋਂ ਦੇ ਲੋਕ ਮੰਨਦੇ ਹਨ ਕਿ ਮਹਾਭਾਰਤ ਕਾਲ ਵਿਚ ਪਾਂਡਵਾਂ ਨੇ ਇੱਥੇ ਵਕਤ ਗੁਜ਼ਾਰਿਆ ਸੀ। ਸਰਦੀਆਂ ਵਿਚ ਇਕ ਗੁਫਾ ਵਿਚ ਪਾਂਡਵ ਆਪਣੀ ਪਤਨੀ ਦਰੋਪਦੀ ਅਤੇ ਮਾਂ ਕੁੰਤੀ ਦੇ ਨਾਲ ਕਈ ਸਾਲ ਕਿਨੌਰ ਵਿਚ ਰਹੇ। ਉਸੇ ਵਕਤ ਤੋਂ ਇੱਥੋਂ ਦੇ ਪਰਿਵਾਰਾਂ ਵਿਚ ਔਰਤਾਂ ਹੀ ਇਕ ਪਰਿਵਾਰ ਦੇ ਭਰਾਵਾਂ ਨਾਲ ਵਿਆਹ ਕਰਨ ਲੱਗੀਆਂ।

Commercial / Residential loans

Our STATED commercial loan programs:

Office, Retail, Warehouse, Self-Storage, Automotive Service

5+ units and Mixed-Use

Loan amounts from $75,000.00 to $750,000.00

No Income Verification / No 4506 / No Ratio

No Employment Verification

No Seasoning on Refi's using purchase price

700 Minimum Fico, Fully Amortized Loans

No Balloon Payment

Can fund in Individual, Trust or LLC / Corporation

We have 100% loan (USDA)

97% Conventional – no mortgage insurance

96.5% FHA

90% JUMBO no mortgage insurance

Interest only 5/1 ARM

Hiring Real Estate Agents & Loan Originators

Our Full Doc Commercial loan programs:

Construction Loans - Commercial

Multifamily, Industrial/Retail,

Office Buildings, Apartments

Minimum loan amount $350,000

Great rates !!

Close fast !!

Gas Station Loans:

PURCHASES

Up to 85% LTV | Lowest Rates in the Industry

25 Year Fully Amortized Financing

Branded and Non-Branded

Seller Carry Options Available

REFINANCES

Up to 80% LTV | 20-25 Year Financing | Low Rates

Cash out for Improvements

Call us for your any commercial/residential scenario;

MAC Real Estate Services

Since 2003

CaliforniaCommercial1@outlook.com

Ranjit Kandola

530-755-1130

NMLS # 347022, BRE # 01800662

Sanjeev Sharma

530-218-6323

NMLS #352848, BRE # 01786924

No Closing Cost Refinance/Cash Out

Select your remaining years ie 8,9,10,11... to 30.

No out-of-pocket cost except appraisal

ਸੋਨੀਆ ਗਾਂਧੀ ਜੀ

ਡਾ. ਮਨਮੋਹਨ ਸਿੰਘ ਜੀ

ਰਾਹੁਲ ਗਾਂਧੀ ਜੀ

ਜੱਸੀ ਖੰਗੂੜਾ

ਪੰਜਾਬ ਨੂੰ ਨਰਕ ਵਿਚੋਂ ਕੱਢਣ ਦਾ ਇੱਕੋ ਇਕ ਸਥਾਈ ਹੱਲ

ਕੈਪਟਨ ਲਿਆਓ, ਪੰਜਾਬ ਬਚਾਓ

ਮਿਸ਼ਨ 2017

ਇੰਡੀਅਨ ਨੈਸ਼ਨਲ ਓਵਰਸੀਜ ਕਾਂਗਰਸ ਦੇ ਬੇ-ਏਰੀਆ ਦੇ ਉਘੇ ਲੀਡਰ ਸਿਕੰਦਰ ਸਿੰਘ ਗਰੇਵਾਲ ਅਤੇ ਸਮੂਹ ਅਮਰੀਕਾ ਵਿਚ ਵੱਸਦੇ ਪੰਜਾਬ ਵਾਸੀਆਂ ਵੱਲੋਂ ਕੈਪਟਨ ਅਮਰਿੰਦਰ ਸਿੰਘ ਜੀ ਦੇ ਕੈਲੀਫੋਰਨੀਆ ਆਉਣ 'ਤੇ ਹਾਰਦਿਕ ਸਵਾਗਤ ਹੈ ਜੀ।

ਸਿਕੰਦਰ ਸਿੰਘ ਗਰੇਵਾਲ

ਪੰਜਾਬੀ ਢਾਬਾ

ਡਿਕਸਨ (ਕੈਲੀਫੋਰਨੀਆ)

916-613-6728

ਪ੍ਰੋਗਰਾਮ ਦਾ ਸਮਾਂ ਅਤੇ ਸਥਾਨ

May 4th 2016

Time : 6 PM

Indian Community Center

525 Los Coches Street

Milpitas, CA 95035

ਸੋਨੀਆ ਗਾਂਧੀ ਜੀ

ਡਾ. ਮਨਮੋਹਨ ਸਿੰਘ ਜੀ

ਰਾਹੁਲ ਗਾਂਧੀ ਜੀ

ਮਹਾਰਾਣੀ ਪ੍ਰਨੀਤ ਕੌਰ ਜੀ

ਪੰਜਾਬ ਨੂੰ ਨਰਕ ਵਿਚੋਂ ਕੱਢਣ ਦਾ ਇੱਕੋ ਇਕ ਸਥਾਈ ਹੱਲ

ਕੈਪਟਨ ਲਿਆਓ, ਪੰਜਾਬ ਬਚਾਓ

ਮਿਸ਼ਨ 2017

ਇੰਡੀਅਨ ਨੈਸ਼ਨਲ ਓਵਰਸੀਜ ਕਾਂਗਰਸ (ਕੈਲੀਫੋਰਨੀਆ ਚੈਪਟਰ), ਬੇ-ਏਰੀਆ ਆਰਗੇਨਾਈਜੇਸ਼ਨ ਕਮੇਟੀ ਅਤੇ ਸਮੂਹ ਪੰਜਾਬ ਵਾਸੀਆਂ ਵੱਲੋਂ ਕੈਪਟਨ ਅਮਰਿੰਦਰ ਸਿੰਘ ਜੀ ਦੇ ਕੈਲੀਫੋਰਨੀਆ ਆਉਣ 'ਤੇ ਹਾਰਦਿਕ ਸਵਾਗਤ ਹੈ ਜੀ।

G. S. Pannu
President
Indian National Overseas Congress
California Chapter
510-677-5200

ਸੱਦਾ ਪੱਤਰ ਹਾਸਲ ਕਰਨ ਲਈ ਹੇਠ ਲਿਖੇ ਨੰਬਰਾਂ ਤੇ ਕਾਲ ਕਰੋ: ਦਾਖਲਾ ਸਿਰਫ ਸੱਦਾ ਪੱਤਰ ਉਤੇ

ਪ੍ਰੋਗਰਾਮ ਦਾ ਸਮਾਂ ਅਤੇ ਸਥਾਨ

May 4th 2016 (Wednesday)
Time : 6 PM
Indian Community Center
525 Los Coches Street
Milpitas, CA 95035

Event Organization Committee

ਸੁੱਖੀ ਚਾਹਲ	ਸ੍ਰੀ ਸੁੱਚਾ ਰਾਮ
408-497-4100	650-207-6286
ਜੀ.ਐਸ. ਪੰਨੂ	ਸੁਰਿੰਦਰ ਸਿੰਘ ਪਾਬਲਾ
510-677-5200	408-515-5330
ਜਸਪਾਲ ਸਿੰਘ ਸੈਣੀ	ਅਸ਼ੋਕ ਭੌਰਾ
408-393-9505	510-415-3315
ਹਰਮਿੰਦਰ ਗਿੱਲ	ਹਰਸੁਖਬੀਰ ਸਿੰਘ
510-376-7926	408-623-7400
ਸ੍ਰੀ ਰਾਜ ਭਨੋਟ	ਮੀਡੀਆ ਵੱਲੋਂ
408-687-1955	ਬਲਬੀਰ ਸਿੰਘ ਐਮ.ਏ.
	510-938-7771